# ਰੇਡੀਓ ਲੜੀਵਾਰ-ਜਲਵਾਯੂ ਬਦਲਾਅ - ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ ਨੰ. 6 ਸਾਵਧਾਨ ! ਕਿਤੇ ਧਰਤੀ ਵੀ ਬਣ ਨਾ ਜਾਵੇ ਦੂਸਰਾ ਸ਼ੁੱਕਰ ਗ੍ਰਹਿ

ਖੋਜ ਤੇ ਲੇਖਣ- ਸ਼੍ਰੀ ਹੇਮੰਤ ਲਾਂਗਵੇਕਰ

## ( Beware Earth May Not Become Another Venus )

ਪੰਜਾਬੀ ਰੁਪਾਂਤਰ ਤੇ ਖੋਜ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

(In this episode, the story is that it stands proved that the Green House Gasses are responsible for the global warming but it narrates about what are these Green House Gases and why are they called so. The episode also gives insight about why these gases are responsible to trap the heat in the atmosphere due to their optical properties. This episode describes how these Green House Gases are responsible for global warming which leads to climate change and also talks about some measures which one can do at personal level very easily to avoid emission of green house gases and thereby avoiding temperature rise.)

(ਇਸ ਕੜੀ ਵਿੱਚ ਅਸੀਂ ਚਰਚਾ ਕੀਤੀ ਹੈ ਕਿ ਇਹ ਤਾਂ ਸਪਸ਼ਟ ਸਾਬਤ ਹੋ ਚੁੱਕਿਆ ਹੈ ਕਿ ਗ੍ਰੀਨ ਹਾਊਸ ਗੈਸਾਂ ਮੁੱਖ ਤੌਰ ’ਤੇ ਗਲੋਬਲ ਵਾਰਮਿੰਗ ਲਈ ਜ਼ਿੰਮੇਵਾਰ ਹਨ। ਇਹ ਕਿ ਹਰਿਤ ਘਰ ਗੈਸਾਂ ਕੀ ਹਨ? ਇਨ੍ਹਾਂ ਗੈਸਾਂ ਦੇ ਉਹ ਕਿਹੜੇ ਵਿਸ਼ੇਸ਼ ਗੁਣ ਹਨ ਜਿਨ੍ਹਾਂ ਦੇ ਕਾਰਨ ਉਨ੍ਹਾਂ ਨੂੰ ਗ੍ਰੀਨ ਹਾਊਸ ਗੈਸਾਂ ਕਿਹਾ ਜਾਂਦਾ ਹੈ । ਇਹ ਵੀ ਵਿਗਿਆਨ ਬਿਆਨ ਕੀਤੀ ਹੈ ਕਿ ਇਹ ਗੈਸਾਂ ਕਿਵੇਂ ਆਪਣੇ ਆਪਟੀਕਲ ਗੁਣਾਂ ਕਾਰਨ ਵਾਯੂਮੰਡਲ ਵਿੱਚ ਤਾਪਮਾਨ ਨੂੰ ਜਕੜ ਲੈਂਦੀਆਂ ਹਨ।ਇਹ ਹਰਿਤ ਘਰ ਗੈਸਾਂ ਆਲਮੀ ਤਪਸ ਵਾਸਤੇ ਕਿਵੇਂ ਜਿੰਮੇਵਾਰ ਹਨ ਜਿਸ ਨਾਲ ਅਗੋਂ ਜਲਵਾਯੂ ਵਿੱਚ ਬਦਲਾਅ ਆਉਂਦੇ ਹਨ। ਕੁੱਝ ਅਜਿਹੀਆਂ ਵਿਧੀਆਂ ਦੀ ਵੀ ਗੱਲ ਕੀਤੀ ਗਈ ਹੈ ਜਿਹੜੀਆਂ ਅਸੀਂ ਸਹਿਜੇ ਹੀ ਆਪਣੇ ਪੱਧਰ ‘ਤੇ ਅਪਣਾ ਸਕਦੇ ਹਾਂ ਤਾਕਿ ਹਰਿਤ ਘਰ ਗੈਸਾਂ ਦੇ ਉਤਸਰਜਨ ਤੋਂ ਬਚਿਆ ਜਾ ਸਕੇ ਅਤੇ ਇਸ ਤਰ੍ਹਾਂ ਕਰਕੇ ਅਸੀਂ ਧਰਤ ਗ੍ਰਹਿ ਦਾ ਤਾਪਮਾਨ ਵਧਣ ਤੋਂ ਰੋਕ ਸਕਦੇ ਹਾਂ !)

### ਪਾਤਰ

ਔਰਤ ਸੂਤਰਧਾਰ
ਮਰਦ ਸੂਤਰਧਾਰ

ਦਿਨੇਸ਼ : ਵਿਦਿਆਰਥੀ, ਉਮਰ 14-15 ਸਾਲ

ਸੁਰਜੀਤ : ਦਿਨੇਸ਼ ਦੀ ਛੋਟੀ ਭੈਣ, ਉਮਰ 10-12 ਸਾਲ

ਸੂਰਜ/ਪਿਤਾ: ਦਿਨੇਸ਼ ਦੇ ਪਿਤਾ, ਉਮਰ ਲਗਭਗ 40 ਸਾਲ

ਕਰਨੈਲ/ਮਾਂ: ਦਿਨੇਸ਼ ਦੀ ਮਾਂ, ਉਮਰ ਲਗਭਗ 38 ਸਾਲ

ਦਵਿੰਦਰ : ਸੂਰਜ ਦਾ ਦੋਸਤ, ਉਮਰ ਲਗਭਗ 40 ਸਾਲ

### ਸੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

(ਸੰਗੀਤ...)

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ ਦੇ** ਨਵੇਂ ਲੜੀਵਾਰ " **ਕਿਉਂ ਬਦਲ ਰਹੀ ਹੈਂ ਫਿਜ਼ਾਏਂ " ਦੀ ਛੇਵੀਂ ਕੜੀ।**

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਹਾਂ ਜੀ। ਪਿਆਰੇ ਸ੍ਰੋਤਿਓ ...ਤੁਹਾਡਾ ਸਭ ਦਾ ਅੱਜ ਦੇ **"ਜਲਵਾਯੂ ਬਦਲਾਅ ਦੀ ਵਿਗਿਆਨ"** ਦੇ ਇਸ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ "** ਦੀ ਛੇਵੀਂ ਕੜੀ ਵਿੱਚ ਨਿਘਾ ਸੁਆਗਤ ਹੈ।ਜੀ ਆਇਆਂ ਨੂੰ! ਸਤਿ ਸ੍ਰੀ ਅਕਾਲ ! ਨਮਸਤੇ !

**ਮਰਦ ਸੂਤਰਧਾਰ:** ਹਾਂ ! ਇਸ ਵਿਗਿਆਨ ਲੜੀਵਾਰ ਦੀ ਪਿਛਲੀ ਕੜੀ **"ਸੰਸਾਰ ਦਾ ਜਲਵਾਯੂ ਪਰਿਵਰਤਨ-ਆਉ ਸਿੱਖੀਏ ਪਿਛੋਕੜ ਤੋਂ"**ਵਿੱਚ ਸੁਣੀ ਸੀ ਕਹਾਣੀ ਅਸੀਂ ਸਾਡੇ ਇਸ ਧਰਤ ਗ੍ਰਹਿ ਦੇ ਵਧਦੇ ਤਾਪਮਾਨ ਕਾਰਨ ਹੋ ਰਹੀ ਗਲੋਬਲ ਵਾਰਮਿੰਗ ਦੀ !

**ਔਰਤ ਸੂਤਰਧਾਰ:** ਸੁਣਿਆ ਸੀ ਤੁਸੀਂ ! ਕਿ ਕਿਵੇਂ ਪਥਰਾਹਟੀ ਬਾਲਣਾਂ ਕਾਰਨ ਵੱਧ ਰਿਹਾ ਹੈ ਹਰਿਤ ਘਰ ਗੈਸਾਂ ਦਾ ਉਤਸਰਜਨ !

**ਮਰਦ ਸੂਤਰਧਾਰ:** ਸੁਣਿਆ ਸੀ ਇਤਿਹਾਸ ਕਾਰਬਨ ਡਾਈਅਕਸਾਈਡ ਦਾ ਕਿ ਕਿਵੇਂ ਹਜਾਰਾਂ ਸਾਲ ਪਹਿਲਾਂ ਯੂਨਾਨੀ ਦਾਰਸ਼ਨਿਕ ਥੀਓਫਰੇਸਟਸ ਨੇ ਸਿੱਟਾ ਕੱਢ ਲਿਆ ਸੀ ਰੁੱਖਾਂ ਦੇ ਕੱਟਣ ਨਾਲ ਗਰਮੀ ਵਧਦੀ ਹੈ ।

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਕੀ ਹੈ ਇਤਿਹਾਸ ਧਰਤੀ ਦੇ ਵਧਦੇ ਤਾਪਮਾਨ ਦਾ ਤੇ ਇਸ ਨੂੰ ਵਧਾਉਣ ਵਾਲੀਆਂ ਹਰਿਤ ਘਰ ਗੈਸਾਂ ਦਾ !

**ਮਰਦ ਸੂਤਰਧਾਰ:** ਕਹਾਣੀ ਵਿੱਚ ਤਾਂ ਦਸਿਆ ਸੀ ਵਿਸਤਾਰ ਸੰਸਾਰ ਪੱਧਰ ਤੇ ਹੋ ਰਹੇ ਯਤਨਾਂ ਦਾ ਕਿ ਕਿਵੇਂ 1972 ਦੇ ਸਟਾਕਹੋਮ ਦੇ ਸੰਮੇਲਨ ਉਪਰੰਤ ਰੀਓ ਡੀ ਜਨੇਰੋ ਵਿਖੇ ਹੋਇਆ 1992 ਵਿੱਚ ਪਹਿਲਾ ਧਰਤ ਸੰਮੇਲਨ ।

**ਔਰਤ ਸੂਤਰਧਾਰ:** ਸੁਣਿਆ ਸੀ ਕਿ ਉਦਯੋਗਿਕ ਕ੍ਰਾਂਤੀ ਦੇ ਮੁੱਢ 1780 ਦੌਰਾਨ ਵਾਯੂਮੰਡਲ ਵਿੱਚ ਕਾਰਬਨਡਾਈਅਕਸਾਈਡ 280 ਭਾਗ ਪ੍ਰਤੀ 10 ਲੱਖ ਭਾਗਾਂ ਵਿੱਚ ਸੀ ( 280 ਪੀਪੀ ਐਮ ) ਜੋ ਕਿ 2013 ਵਿੱਚ 400 ਤੇ ਅਪ੍ਰੈਲ 2018 ਵਿੱਚ 410 ਹੋ ਗਈ ਹੈ ।

**ਮਰਦ ਸੂਤਰਧਾਰ:**ਹਾਂ ਜੀ! ਸੁਣ ਲਿਆ ਸੀ ਇਹ ਵੀ ਕਿ ਕੀਲਿੰਗ ਨਾਮੀ ਵਿਗਿਆਨੀ ਨੇ ਸੁਰੂ ਕੀਤਾ ਸੀ ਕਾਰਬਨਡਾਈ ਅਕਸਾਈਡ ਦੇ ਮਾਪ ਦਾ ਕੰਮ ਹਵਾਈ ਦੀਪ ਦੇ **'ਮੋਨਾ ਲੋਆ'** ਨਾਮੀ ਪਹਾੜ ਦੇ ਉਤੇ ।

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਕਿਵੇਂ ਅੰਤਰ ਰਾਸਟਰੀ ਪੱਧਰ ਦੇ ਯਤਨਾਂ ਨਾਲ ਗਠਨ ਹੋਇਆ ਜਲਵਾਯੂ ਬਦਲਾਅ ਬਾਬਤ ਸਰਕਾਰਾਂ ਦੀ ਇੱਕ ਅੰਤਰ ਸੰਸਥਾ ਦਾ! ਜਿਸ ਦੀਆਂ ਕਰੀਬ ਪੰਜ-ਪੰਜ ਸਾਲਾਂ ਦੇ ਵਕਫੇ ਤੇ ਜਾਰੀ ਰਿਪੋਰਟਾਂ ਦੇ ਤੱਥਾਂ ਕਾਰਨ ਗੰਭੀਰ ਹੋਏ ਸਿਆਸਤਦਾਨ , ਅਰਥਸ਼ਾਸਤਰੀ , ਵਿਗਿਆਨੀ ਅਤੇ ਸਮਾਜਸੇਵੀ ਇਸ ਮੁੱਦੇ 'ਤੇ।

**ਮਰਦ ਸੂਤਰਧਾਰ:** ਦੱਸ ਦਿੱਤਾ ਸੀ ਇਹ ਵੀ ਕਿ 1997 ਵਿੱਚ ਜਪਾਨ ਦੇ ਸ਼ਹਿਰ ਕੋਇਟੋ ਵਿਖੇ ਬਣਿਆ ਐਲਾਨਨਾਮਾ ਲਾਗੂ

ਹੋਇਆ 2005 ਵਿੱਚ ।

**ਔਰਤ ਸੂਤਰਧਾਰ:** ਸੁਣਾ ਦਿੱਤੀ ਸੀ ਕਹਾਣੀ ਉਸ ਹਕੀਕਤ ਦੀ ਵੀ ਕਿ ਕਿਵੇਂ ਕੋਇਟੋ ਪ੍ਰੋਟੋਕਾਲ ਉਪਰ ਉਭਰ ਰਹੇ ਨੇ ਮੱਤ ਭੇਦ ਵਿਕਸਿਤ ਅਤੇ ਵਿਕਾਸਸ਼ੀਲ ਦੇਸਾਂ ਦੇ ਦਰਮਿਆਨ, ਵਿਸ਼ੇਸ਼ ਕਰਕੇ ਅਮਰੀਕਾ ਵੱਲੋਂ ਡਾਹੇ ਜਾਂਦੇ ਅੜਿਕਿਆਂ ਦੇ ਕਾਰਨ ।

**ਮਰਦ ਸੂਤਰਧਾਰ:** ਹੋਈ ਸੀ ਗੱਲ ਕਿ ਧਰਤ ਦੀ ਗਰਮੀ ਨੂੰ ਰੋਕਣ ਵਾਸਤੇ ਲੋੜ ਹੈ ਠੰਢ ਨਾਲ ਗੱਲ ਕਰਨ ਦੀ ।

**ਔਰਤ ਸੂਤਰਧਾਰ:** ਅੱਜ ਦੀ ਇਸ ਕੜੀ ਵਿੱਚ ਸੁਣਾਂਗੇ ਅਸੀਂ ਕਹਾਣੀ ਹਰਿਤ ਘਰ ਗੈਸਾਂ ਯਾਣੀ ਗ੍ਰੀਨ ਹਾਊਸ ਗੈਸਾਂ ਦੇ ਪ੍ਰਭਾਵਾਂ ਦੀ ਜੋ ਪੈਣਗੇ ਇਸ ਧਰਤੀ ਦੇ ਉਪਰ !

**ਮਰਦ ਸੂਤਰਧਾਰ:** ਲਓ ਸੁਣੋ ਇਸ ਨਵੇਂ ਲੜੀਵਾਰ **'ਕਿਉਂ ਬਦਲ ਰਹੀ ਹੈਂ ਫਿਜ਼ਾਏਂ'** ਦੀ ਛੇਵੀਂ ਕੜੀ **"ਸਾਵਧਾਨ ! ਕਿਤੇ ਧਰਤੀ ਵੀ ਬਣ ਨਾ ਜਾਵੇ ਦੂਸਰਾ ਸ਼ੁੱਕਰ ਗ੍ਰਹਿ"** । ਲਓ ! ਇਊਂ ਕਰਦੇ ਨੇ ਪੇਸ਼ਕਾਰੀ ਸਾਡੇ ਇਹ ਕਲਾਕਾਰ !

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਪਹਿਲਾ......**

**(ਚੱਲਦੀ ਹੋਈ ਕਾਰ ਦੀ ਆਵਾਜ਼/ ਰਫ਼ਤਾਰ ਘੱਟ ਹੁੰਦੀ ਹੈ/ ਕਾਰ ਰੁਕ ਜਾਂਦੀ ਹੈ/ ਕਾਰ ਦੇ ਦਰਵਾਜ਼ੇ ਦੇ ਖੁਲ੍ਹਣ ਦੇ ਨਾਲ ਹੀ ਇਕ ਛੋਟੇ ਕੁੱਤੇ, ਬਰੂਨੋ ਦੀ ਆਵਾਜ਼)**

**ਸੂਰਜ** :ਚੱਲੋ, ਉਤਰੋ! ਲੱਗਦਾ ਹੈ ਸਾਨੂੰ ਕਾਫ਼ੀ ਦੇਰ ਹੋ ਚੁੱਕੀ ਹੈ ਪਾਰਕਿੰਗ ਦੀ ਜਗਾਹ ਭਰ ਚੁੱਕੀ ਹੈ।ਕੋਈ ਖਾਲੀ ਜਗਹਾ ਵੇਖਦਾ ਹਾਂ। ਪਰ ਪਹਿਲਾਂ ਤੁਸੀਂ ਉਤਰੋ , ਜਲਦੀ ਕਰੋ !

**ਦਿਨੇਸ਼** : ਜੀ ਪਾਪਾ...

**ਸੁਰਜੀਤ** : ਅਤੇ ਸਾਡਾ ਬਰੂਨੋ?

**ਕਰਨੈਲ** : ਸੁਰਜੀਤ, ਬਰੂਨੋ ਸਾਡੇ ਨਾਲ ਅੰਦਰ ਨਹੀਂ ਜਾ ਸਕਦਾ। ਇਸ ਨੂੰ ਅਸੀਂ ਕਾਰ ਵਿਚ ਹੀ ਛੱਡ ਦਿੰਦੇ ਹਾਂ।

**ਦਿਨੇਸ਼** : ਹਾਂ ਸੁਰਜੀਤ, ਮੰਮੀ ਠੀਕ ਆਖ ਰਹੇ ਹਨ। ਵੈਸੇ ਵੀ ਅਸੀਂ ਸਾਰੇ ਇੱਕ-ਅੱਧੇ ਘੰਟੇ ਬਾਅਦ ਮੁੜ ਆਵਾਂਗੇ।

**ਸੁਰਜੀਤ** : ਠੀਕ ਹੈ।

**ਸੂਰਜ** : ਹੁਣ ਉੱਤਰ ਜਾਉ ! ਮੈਂ ਇਕ ਪਾਸੇ ਗੱਡੀ ਪਾਰਕ ਕਰਕੇ ਆਉਂਦਾ ਹਾਂ।

**(ਕਾਰ ਦੇ ਦਰਵਾਜ਼ੇ ਬੰਦ ਕਰਨ ਅਤੇ ਉਨ੍ਹਾਂ ਨੂੰ ਲਾਕ ਕਰਨ ਦੀ ਬੀਪ ਸੁਣਾਈ ਦਿੰਦੀ ਹੈ)**

**ਕਰਨੈਲ** : ਬੱਚਿਓ! ਜਲਦੀ ਚੱਲੋ, ਲੱਗਦਾ ਸ਼ੋਅ ਬਸ ਸ਼ੁਰੂ ਹੀ ਹੋਣ ਵਾਲਾ ਹੈ। ਅੰਦਰ ਚੱਲ ਕੇ ਆਪਣੀ ਸੀਟ 'ਤੇ ਬੈਠ ਜਾਉ।

**ਦਿਨੇਸ਼:** ਜੀ ਮਾਂ ( ਸਾਰੇ ਸ਼ੋਅ ਵੇਖਦੇ ਹਨ )

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਦੂਜਾ......**

**(ਸ਼ੋਅ ਦੇ ਬਾਰੇ ਗੱਲਾਂ ਕਰਦੇ ਹੋਏ ਲੋਕ ਹਾਲ ਵਿਚੋਂ ਬਾਹਰ ਆ ਰਹੇ ਹਨ।)**

**ਕਰਨੈਲ** : ਉਹ ਕੁੜੀ ਕਿੰਨੀ ਸੋਹਣੀ ਲੱਗ ਰਹੀ ਸੀ ਨਾ! ਅਤੇ ਡਾਂਸ ਤਾਂ ਚੰਗੇ ਪ੍ਰੋਫ਼ੈਸਨਲ ਕਲਾਕਾਰ ਵਾਂਗ ਕਰ ਰਹੀ ਸੀ।

**ਸੁਰਜੀਤ** : ਮੈਂ ਉਸ ਨੂੰ ਜਾਣਦੀ ਹਾਂ...ਸਾਡੇ ਨਾਲ ਹੀ ਟਿਊਸ਼ਨ ਦੇ ਲਈ ਆਉਂਦੀ ਹੈ..

**ਕਰਨੈਲ** : ਅੱਛਾ!

**ਦਿਨੇਸ਼** : ਗੱਲਾਂ ਛੱਡੋ। ਛੇਤੀ ਚੱਲੋ ਨਹੀਂ ਤਾਂ ਭੀੜ ਵਿੱਚੋਂ ਗੱਡੀ ਕੱਢਣੀ ਔਖੀ ਹੋ ਜਾਵੇਗੀ।

**ਸੂਰਜ** : ਦਿਨੇਸ਼ ਠੀਕ ਆਖ ਰਿਹਾ ਹੈ।

**(ਦਰਵਾਜ਼ਾ ਲਾਕ ਖੁੱਲ੍ਹਣ ਦੀ ਬੀਪ। ਫਿਰ ਕਾਰ ਦੇ ਦਰਵਾਜ਼ੇ ਦੀ ਆਵਾਜ਼)**

**ਸੁਰਜੀਤ** : **(ਬਰੂਨੋ ਨੂੰ ਬਲਾਉਂਦੀ ਹੋਈ)** ਬਰੂਨੋ! ਪਿਆਰੇ ਬਰੂਨੋ... ਵੇਖ ਅਸੀਂ ਆ ਗਏ!! ਕਿੱਥੇ ਏ ਤੂੰ ?

ਦਿਨੇਸ਼ : **(ਹੈਰਾਨੀ ਨਾਲ ਲਗਭਗ ਚੀਕਦੇ ਹੋਏ)** ਸੁਰਜੀਤ! ਵੇਖ ਬਰੂਨੋ... ਬਰੂਨੋ ਇੱਥੇ ਹੈ!!

**ਸੁਰਜੀਤ** : ਸਾਡਾ ਬਰੂਨੋ ਨਹੀਂ ਰਿਹਾ.........!

**(ਉਦਾਸੀ ਭਰਿਆ ਸੰਗੀਤ)**

**ਕਰਨੈਲ** : **(ਹੈਰਾਨੀ ਨਾਲ ਚੀਕ ਪੈਂਦੀ ਹੈ)**;.. ਕੀ...?

**(ਸੁਰਜੀਤ ਰੋਣ ਲੱਗਦੀ ਹੈ)**

**ਸੂਰਜ** : ਓਹ ਦਿਨੇਸ਼ ! ਆਖਿਰ ਹੋਇਆ ਕੀ ਹੈ ? ਬਰੂਨੋ ਸੌਂ ਰਿਹਾ ਹੋਵੇਗਾ...!

**ਦਿਨੇਸ਼** : ਨਹੀਂ ਪਾਪਾ..! ਵੇਖੋ, ਕਿਵੇਂ ਪਿਆ ਵਾ। **(ਦਿਨੇਸ਼ ਵੀ ਰੋਣ ਲੱਗਦਾ ਹੈ)**

**ਸੂਰਜ** : ਓ ਨੋ ! ਪਰ ਇਹ ਹੋਇਆ ਕਿਵੇਂ......?

**ਸੁਰਜੀਤ** : **(ਜ਼ਿੱਦ ਕਰਦੇ ਹੋਏ)**; ਮੈਨੂੰ ਨਹੀਂ ਪਤਾ.. ਮੈਨੂੰ ਮੇਰਾ ਬਰੂਨੋ ਵਾਪਿਸ ਚਾਹੀਦਾ ਹੈ, ਬਸ!

**ਸੂਰਜ** : ਚੁੱਪ ਹੋ ਜਾ ਪੁੱਤ! ਪਹਿਲਾ ਅਸੀਂ ਘਰ ਚੱਲ ਕੇ ਡਾਕਟਰ ਨਾਲ ਗੱਲ ਕਰਦੇ ਹਾਂ.. ਕੋਈ ਗ਼ਲਤ ਚੀਜ਼ ਤਾਂ ਖਵਾਈ ਨਹੀਂ ਅਸੀਂ ਬਰੂਨੋ ਨੂੰ ?

**ਕਰਨੈਲ** : ਹਾਂ, ਪਰ ਫਿਰ ਵੀ ਇਹ ਕਿਵੇਂ ਹੋ ਗਿਆ?

**ਸੂਰਜ** : ਪਤਾ ਨਹੀਂ। ਡਾਕਟਰ ਤੋਂ ਹੀ ਪਤਾ ਲੱਗੇਗਾ।

**(ਉਦਾਸੀ ਭਰੇ ਸੰਗੀਤ ਦੇ ਨਾਲ ਕਰ ਅੱਗੇ ਚੱਲਣ ਦੀ ਆਵਾਜ਼ ਜਿਹੜੀ ਹੌਲੀ-ਹੌਲੀ ਖ਼ਤਮ ਹੋ ਜਾਂਦੀ ਹੈ)**

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਤੀਜਾ**......

**(ਡੋਰ ਬੈੱਲ ਵੱਜਣ ਦੀ ਆਵਾਜ਼। ਦਰਵਾਜ਼ਾ ਖੁੱਲ੍ਹਦਾ ਹੈ)**

**ਸੂਰਜ** : ਹੈਂ ! ਦਵਿੰਦਰ ! ਸਵੇਰੇ ਸਵੇਰੇ...ਤੂੰ ਤਾਂ ਹੈਰਾਨੀ 'ਚ ਪਾ ਦਿੱਤਾ।

**ਦਵਿੰਦਰ** : **(ਹੱਸਦੇ ਹੋਏ)** ਹਾਂ। ਅੱਜ ਐਤਵਾਰ ਹੈ ਇਸ ਲਈ...ਸੋਚਿਆ ਸਾਰੇ ਘਰ ਹੋਣਗੇ.. ਤਾਂ ਚੱਲ ਕੇ ਮਿਲਿਆ ਜਾਵੇ।

**ਸੂਰਜ** : ਹਾਂ, ਬਿਲਕੁਲ ਸਹੀ ਕੀਤਾ। ਆਉ, ਬੈਠੋ।

**ਦਵਿੰਦਰ** : ਹਾਂ, ਪਰ ਸੂਰਜ, ਕੀ ਗੱਲ ਆ ਅੱਜ ਨਾ ਕੋਈ ਸ਼ੋਰ-ਸ਼ਰਾਬਾ, ਨਾ ਹੰਗਾਮਾ? ਬੱਚੇ ਕਿੱਥੇ ਹਨ? ਦਿਨੇਸ਼..ਸੁਰਜੀਤ? ਅਜੇ ਤੱਕ ਸੌਂ ਰਹੇ ਨੇ ? **(ਹੱਸਦਾ ਹੈ)**

**ਸੂਰਜ** : ਨਹੀਂ ਨਹੀਂ... ਅੰਦਰ.. ਆਪਣੇ-ਆਪਣੇ ਕਮਰੇ ਵਿੱਚ ਹਨ।

**ਦਵਿੰਦਰ** : ਅੱਛਾ ਤਾਂ ਪੜ੍ਹਾਈ ਹੋ ਰਹੀ ਹੈ ! ਗੁੱਡ!

**ਸੂਰਜ** : ਦਰਅਸਲ ਅੱਜ ਮੂਡ ਠੀਕ ਨਹੀਂ ਉਨ੍ਹਾਂ ਦਾ..

**ਦਵਿੰਦਰ** : ਕਿਉਂ? ਕੀ ਹੋਇਆ ਸੂਰਜ? ਸਭ ਠੀਕ ਤਾਂ ਹੈ ਨਾ?

**ਸੂਰਜ** : **(ਦੁੱਖ ਭਰੀ ਆਵਾਜ਼ 'ਚ)** ਕੀ ਦੱਸਾਂ, ਕੱਲ੍ਹ ਆਪਣਾ ਬਰੂਨੋ ਚੱਲ ਵਸਿਆ।

**ਦਵਿੰਦਰ** : ਇਹ ਤਾਂ ਬਹੁਤ ਬੁਰਾ ਹੋਇਆ। ਵੈਰੀ ਸ਼ੌਕਿੰਗ।

**ਸੂਰਜ** : ਹਾਂ, ਬੱਚੇ ਵੀ ਸਦਮੇ 'ਚ ਹਨ।

**ਦਵਿੰਦਰ** : ਪਰ..ਇਹ ਹੋਇਆ ਕਿਵੇਂ? ਕੋਈ ਗ਼ਲਤ ਚੀਜ਼ ਤਾਂ ਖਾਣੇ ਵਿਚ ਨਹੀਂ ਆ ਗਈ?

**ਸੂਰਜ** : ਨਹੀਂ ਦਵਿੰਦਰ.. ਅਜਿਹਾ ਕੁਝ ਨਹੀਂ ਹੋਇਆ!

**ਦਵਿੰਦਰ** : ਫਿਰ...?

**ਸੂਰਜ** : ਲਉ ਤੁਸੀਂ ਪਾਣੀ ਤਾਂ ਪੀਓ, ਦਵਿੰਦਰ। ਮੈਂ ਅੰਦਰ ਜਾ ਕੇ ਸੁਰਜੀਤ ਅਤੇ ਦਿਨੇਸ਼ ਨੂੰ ਲੈ ਕੇ ਆਉਂਦਾ ਹਾਂ।

**ਦਵਿੰਦਰ** : ਠੀਕ ਹੈ..

**(ਗਲਾਸ ਵਿਚ ਪਾਣੀ ਭਰਨ ਦੀ ਆਵਾਜ਼)**

**ਦਵਿੰਦਰ** : ਓ..ਆਉ, ਆਉ ਦਿਨੇਸ਼! ਆਉ ਸੁਰਜੀਤ.. ਬੈਠੋ। ਮੈਨੂੰ ਹੁਣੇ ਹੀ ਸੂਰਜ ਨੇ ਦੱਸਿਆ ਬਰੂਨੋ ਬਾਰੇ। ਸੁਣ ਕੇ ਬਹੁਤ ਦੁੱਖ ਹੋਇਆ।ਆਖਿਰ ਇਹ ਹੋਇਆ ਕਿਵੇਂ?

**ਸੂਰਜ** : ਦਰਅਸਲ ਕੱਲ੍ਹ ਦੁਪਿਹਰ ਨੂੰ, ਖਰੀਦਦਾਰੀ ਕਰਨ ਤੋਂ ਬਾਅਦ ਅਸੀਂ ਸਾਰੇ ਡਾਂਸ ਸ਼ੋਅ ਦੇਖਣ ਗਏ ਸੀ। ਬਰੂਨੋ ਵੀ ਸਾਡੇ ਨਾਲ ਹੀ ਸੀ, ਪਰ ਅਸੀਂ ਉਸਨੂੰ ਕਾਰ ਵਿੱਚ ਹੀ ਛੱਡ ਦਿੱਤਾ।

**ਦਵਿੰਦਰ** : ਅਤੇ ਜਦੋਂ ਤੁਸੀਂ ਵਾਪਿਸ ਆਏ ਤਾਂ ਤੁਸੀਂ ਬਰੂਨੋ ਨੂੰ ਮਰਿਆ ਦੇਖਿਆ।

**ਸੂਰਜ** : ਹਾਂ..

**ਸੁਰਜੀਤ** : ਮੈਂ ਪਾਪਾ ਨੂੰ ਕਿਹਾ ਵੀ ਸੀ, ਬਰੂਨੋ ਨੂੰ ਕਾਰ ਵਿੱਚ ਨਾ ਛੱਡੋ.. ਪਰ ਪਾਪਾ ਨੇ ਮੇਰੀ ਇਕ ਨਾ ਸੁਣੀ।

**ਸੂਰਜ** : ਬੇਟੇ... ਉਸ ਨੂੰ ਥਿਏਟਰ ਵਿੱਚ ਲੈ ਕੇ ਜਾਣਾ ਅਲਾਊਡ ਨਹੀਂ ਸੀ..

**ਦਵਿੰਦਰ** : ਸਮਝ ਗਿਆ। ਸੂਰਜ.. ਤੁਸੀਂ ਆਪਣੀ ਕਾਰ ਧੁੱਪ ਵਿਚ ਪਾਰਕ ਕੀਤੀ ਹੋਵੇਗੀ.. ਛਾਂ ਵਿਚ ਨਹੀਂ..ਠੀਕ?

**ਸੂਰਜ** : ਹਾਂ। ਉੱਥੇ ਪਾਰਕਿੰਗ ਦੇ ਲਈ ਥਾਂ ਨਹੀਂ ਸੀ। ਮੈਂ ਸੜਕ ਕਿਨਾਰੇ ਇਕ ਪਾਸੇ ਗੱਡੀ ਖੜ੍ਹੀ ਕਰ ਦਿੱਤੀ, ਪਰ ਉੱਥੇ ਛਾਂ ਨਹੀਂ ਸੀ ਅਤੇ ਧੁੱਪ ਵੀ ਬਹੁਤ ਤੇਜ਼ ਸੀ।

**ਦਵਿੰਦਰ** : ਤਾਂ ਕਾਰ ਵਿਚ ਕੈਦ ਹੁੰਦੀ ਰਹੀ ਖ਼ਤਰਨਾਕ ਗਰਮੀ ਨੇ ਬਰੂਨੋ ਦੀ ਜਾਨ ਲੈ ਲਈ, ਇਹ ਸੀ ਅਸਲੀ ਕਾਰਨ।

**ਕਰਨੈਲ** : ਓ? ਕੀ?

**ਦਵਿੰਦਰ** : ਹਾਂ, ਭਾਬੀ ਜੀ।

**ਦਿਨੇਸ਼** : ਡਾਕਟਰ ਸਾਹਿਬ ਨੇ ਵੀ ਇਹੀ ਕਿਹਾ ਸੀ। ਉਨ੍ਹਾਂ ਦਾ ਖਿਆਲ ਸੀ, ਬਰੂਨੋ ਦੀ ਮੌਤ ਡੀਹਾਈਡ੍ਰੇਸ਼ਨ ਦੇ ਕਾਰਨ ਹੋਈ। ਫ਼ੂਡ ਪੋਆਇਜ਼ਨਿਗ ਜਾਂ ਕਿਸੇ ਬਿਮਾਰੀ ਦੇ ਨਾਲ ਨਹੀਂ।

**ਦਵਿੰਦਰ** : ਬਿਲਕੁਲ ਸਹੀ।

**ਕਰਨੈਲ** : ਪਰ ਅਸੀਂ ਤਾਂ ਇਕ-ਅੱਧਾ ਘੰਟਾ ਹੀ ਰੁਕੇ ਹੋਵਾਂਗੇ ਸ਼ੋਅ ਵਿਚ..

**ਦਵਿੰਦਰ** : ਭਾਬੀ ਜੀ, ਇਕ ਘੰਟੇ ਵਿਚ ਬਹੁਤ ਗਰਮੀ ਇਕੱਠੀ ਹੋ ਜਾਂਦੀ ਹੈ, ਤਪਦੀ ਧੁੱਪ ਵਿਚ ਖੜ੍ਹੀ ਕਾਰ ਵਿਚ ਜਦ ਉਸ ਦੇ ਦਰਵਾਜ਼ੇ ਵੀ ਲਾਕ ਹੋਣ ।

**ਕਰਨੈਲ** : ਪਰ ਲਾਕ ਕੀਤੀ ਕਾਰ ਵਿਚ ਗਰਮੀ ਇਕੱਠੀ ਹੋ ਕਿਵੇਂ ਜਾਂਦੀ ਹੈ? ਮੈਨੂੰ ਤਾਂ ਸਮਝ ਨਹੀਂ ਆਇਆ।

**ਸੂਰਜ:** ਬਿਲਕੁਲ ਇਹੀ ਗੱਲ ਮੈਂ ਵੀ ਪੁੱਛਣ ਵਾਲਾ ਸੀ।

**ਦਿਨੇਸ਼/ਸੁਰਜੀਤ**:ਅਸੀਂ ਵੀ..

**ਦਵਿੰਦਰ**:ਵਿਗਿਆਨੀਆਂ ਨੇ ਲਗਭਗ ਇਸੇ ਪ੍ਰਕਾਰ ਦੀ ਸਮੱਸਿਆ ਦਾ ਵਿਸ਼ੇਸ਼ ਰੂਪ ਵਿੱਚ ਅਧਿਐਨ ਕੀਤਾ ਹੈ। ਅਮਰੀਕਾ ਵਿੱਚ ਤਾਂ ਕਈ ਬੱਚਿਆਂ ਦੀਆਂ ਵੀ ਮੌਤਾਂ ਹੋ ਚੁਕੀਆਂ ਇਸਤਰਾਂ ਹੀ ! ਇਸੇ ਸਾਲ 2018 ਵਿਚ ਅਮਰੀਕਾ ਵਿਚ 6 ਬੱਚਿਆਂ ਦੀ ਮੌਤ ਦੇ ਮਾਮਲੇ ਸਾਹਮਣੇ ਆਏ, ਜਿਨ੍ਹਾਂ ਨੂੰ ਉਨ੍ਹਾਂ ਦੇ ਮਾਤਾ-ਪਿਤਾ ਲਾਕ ਕਾਰ ਵਿਚ ਛੱਡ ਕੇ ਚਲੇ ਗਏ ਸੀ।

**ਸੂਰਜ** : ਓ ਰੱਬਾ!

**ਦਵਿੰਦਰ:** ਵੈਸੇ ਤਾਂ 2012 ਵਿੱਚ ਅਜਿਹਾ ਵਾਕਾ ਸਾਡੇ ਇਥੇ ਚੇਨਈ ਵਿੱਚ ਵੀ ਹੋ ਚੁਕਿਆ !

**ਕਰਨੈਲ** : ਬਹੁਤ ਹੀ ਖ਼ੌਫ਼ਨਾਕ।

**ਦਵਿੰਦਰ** : ਯੂ ਐਸ ਵਿਚ ਇਕ ਸਰਵੇ ਦੇ ਅਨੁਸਾਰ, ਔਸਤਨ 37 ਬੱਚੇ ਹਰ ਸਾਲ ਇਸ ਪ੍ਰਕਾਰ ਦੇ ਹਾਦਸਿਆਂ ਵਿਚ ਮਰ ਜਾਂਦੇ ਹਨ। ਹਾਈਪਰਥਰਮੀਆ ਦੇ ਕਾਰਨ, ਮਤਬਲ ਅਜਿਹੀ ਪ੍ਰਸਥਿਤੀ ਜਿਸ ਵਿਚ ਸਰੀਰ ਦੁਆਰਾ ਪ੍ਰਾਪਤ ਕੀਤੀ ਜਾਣ ਵਾਲੀ ਜਾਂ

ਪੈਦਾ ਕੀਤੀ ਜਾਣ ਵਾਲੀ ਗਰਮੀ ਉਸ ਦੇ ਦੁਆਰਾ ਛੱਡੀ ਜਾਣ ਵਾਲੀ ਗਰਮੀ ਤੋਂ ਜ਼ਿਆਦਾ ਹੋਵੇ।

**ਸੂਰਜ** : ਪਰ ਕੀ ਐਨੀ ਗਰਮੀ ਕੈਦ ਹੋ ਜਾਂਦੀ ਹੈ ਕਿਸੇ ਕਾਰ ਵਿਚ ਕਿ ਕਿਸੇ ਦੀ ਜਾਨ ਵੀ ਲੈ ਲਵੇ?

**ਦਵਿੰਦਰ** : ਸੂਰਜ ਸਾਹਿਬ, 70 ਡਿਗਰੀ ਸੈਲਸ਼ੀਅਸਦੇ ਤਾਪਮਾਨ ਉਪਰ ਤਾਂ ਅੰਡਾ ਵੀ ਬਹੁਤ ਅਰਾਮ ਨਾਲ ਤਲਿਆ ਜਾ ਸਕਦਾ ਹੈ। ਇਹ ਉਹ ਤਾਪਮਾਨ ਹੈ ਜਿਹੜਾ ਨਾ ਸਿਰਫ਼ ਕਿਸੇ ਫਰਾਈ ਪੈਨ ਦੀ ਸਤਹਾ ‘ਤੇ ਹੀ, ਬਲਕਿ ਉਸ ਲਾਕ ਕਾਰ ਦੇ ਡੈਸ਼ਬੋਰਡ ‘ਤੇ ਵੀ ਮਿਲ ਸਕਦਾ ਹੈ ਜਿਸਨੂੰ ਕੜਕਦੀ ਧੁੱਪ ਵਿਚ ਇਕ ਘੰਟਾ ਖੜ੍ਹਾ ਰੱਖਿਆ ਗਿਆ ਹੋਵੇ।

**ਸੂਰਜ** : ਓ... ਨਹੀਂ।

**ਸੁਰਜੀਤ** : ਜੀ ਹਾਂ, ਅੰਕਲ ਸਹੀ ਕਹਿੰਦੇ ਨੇ ! ਜਦੋਂ ਅਸੀਂ ਕਾਰ ਦੇ ਦਰਵਾਜ਼ੇ ਖੋਲ੍ਹੇ ਤਾਂ ਅੰਦਰ ਬਹੁਤ ਗਰਮੀ ਸੀ।

**ਦਵਿੰਦਰ** : ਨੰਨ੍ਹੇ ਬੱਚੇ ਅਤੇ ਪਾਲਤੂ ਜਾਨਵਰ ਇਕਦਮ ਹਾਈਪਰਥਰਮੀਆ ਅਤੇ ਲੂ ਦੇ ਸ਼ਿਕਾਰ ਹੋ ਜਾਂਦੇ ਹਨ। ਦੇ ਦਿਨਾਂ ਵਿੱਚ ਜੇਕਰ ਛਾਂ ਵਿਚ ਵੀ ਦੋ ਘੰਟੇ ਕਾਰ ਖੜ੍ਹੀ ਤਾਂ ਉਸ ਵਿੱਚ ਵੀ ਤਾਪਮਾਨ ਬਹੁਤ ਵਧ ਜਾਂਦਾ ਹੈ । ਇਸ ਤਰ੍ਹਾਂ 40 ਡਿਗਰੀ ਸੈਲਸ਼ੀਅਸ ਦੇ ਨੇੜੇ-ਤੇੜੇ ਹਾਈਪਰਥਰਮੀਆ ਦੇ ਕਾਰਨ ਉਨ੍ਹਾਂ ਦੇ ਅੰਦਰ ਜਖ਼ਮ ਹੋ ਸਕਦੇ ਹਨ।

**ਦਿਨੇਸ਼** : ਪਰ ਅੰਕਲ ! ਕਾਰ ਦੇ ਅੰਦਰ ਐਨਾ ਤਾਪਮਾਨ ਵਧ ਕਿਵੇਂ ਜਾਂਦਾ ਹੈ ? ਕਿਉਂ ਹੁੰਦਾ ਹੈ ਅਜਿਹਾ ?

**ਦਵਿੰਦਰ** : ਚੰਗਾ ਸਵਾਲ ਕੀਤਾ ਦਿਨੇਸ਼। ਇਹ ਗ੍ਰੀਨ ਹਾਊਸ ਪ੍ਰਭਾਵ ਦੇ ਕਾਰਨ ਹੁੰਦਾ ਹੈ.. ਸੁਣਿਆ ਹੈ ਕਦੀ ਇਸ ਬਾਰੇ?

**ਦਿਨੇਸ਼** : ਜੀ, ਕਿਤਾਬ ਵਿਚ ਇਸ ਬਾਰੇ ਲਿਖਿਆ ਹੋਇਆ ਸੀ।

**ਦਵਿੰਦਰ** : ਠੀਕ।

**ਸੁਰਜੀਤ** : ਪਰ ਮੈਨੂੰ ਇਸ ਬਾਰੇ ਕੁਝ ਨਹੀਂ ਪਤਾ, ਪਲੀਜ਼ ਅੰਕਲ, ਮੈਨੂੰ ਦੱਸੋ।

**ਦਵਿੰਦਰ** : ਹਾਂ ਸੁਰਜੀਤ, ਜ਼ਰੂਰ ਦੱਸਾਂਗਾ।

**ਕਰਨੈਲ** : ਤੁਸੀਂ ਸਾਰੇ ਆਪਣੀਆਂ ਗੱਲਾਂ ਵਿਚ ਮਸਤ ਰਹੇ ਤੇ ਮੈਂ ਚਾਹ ਬਣਾ ਲਿਆਈ।

**ਦਵਿੰਦਰ** : ਚੰਗਾ ਕੀਤਾ ਭਾਬੀ ਜੀ ! ਤਾਂ ਸੁਰਜੀਤ ਤੇਰਾ ਸਵਾਲ ਹੈ ਆਖਿਰ ਇਹ ਗ੍ਰੀਨ ਹਾਊਸ ਪ੍ਰਭਾਵ ਹੁੰਦੀ ਕੀ ਸ਼ੈਅ ਵਾ ? ਗ੍ਰੀਨ ਹਾਊਸ ਪ੍ਰਭਾਵ ਉਸ ਪ੍ਰਕਿਰਿਆ ਨੂੰ ਕਹਿੰਦੇ ਹਨ ਜਿਸ ਵਿੱਚ ਵਿਕਿਰਣ ਦੇ ਦੁਆਰਾ ਤਾਪਮਾਨ ਵਿਚ ਵਾਧਾ ਹੁੰਦਾ ਹੈ। ਆਮ ਤੌਰ ‘ਤੇ ਇਸ ਸ਼ਬਦ ਦੀ ਵਰਤੋਂ ਉਸ ਪ੍ਰਸਥਿਤੀ ਵਿਚ ਕੀਤੀ ਜਾਂਦੀ ਹੈ ਜਦੋਂ ਕਿਸੇ ਗ੍ਰਹਿ ਉਪਰ ਵਾਯੂਮੰਡਲ ਵਿਚ ਹੋਣ ਵਾਲੇ ਤਾਪ ਦਾ ਵਿਕਿਰਣ ਉਸ ਗ੍ਰਹਿ ਦੀ ਸਤਿਹ ਨੂੰ ਗਰਮ ਕਰਨ ਲੱਗਦਾ ਹੈ।

**ਸੁਰਜੀਤ** : ਅੰਕਲ, ਤੁਸੀਂ ਜੋ ਕਿਹਾ ਉਹ ਮੇਰੀ ਸਮਝ ਵਿਚ ਤਾਂ ਬਿਲਕੁਲ ਨਹੀਂ ਆਇਆ।

**ਦਿਨੇਸ਼** : ਅਤੇ ਇਸ ਦਾ ਬਰੂਨੋ ਦੀ ਮੌਤ ਨਾਲ ਕੀ ਸਬੰਧ ਹੈ?

**ਦਵਿੰਦਰ** : ਚੰਗਾ ਮੈਂ ਇਸ ਨੂੰ ਸਾਧਾਰਨ ਸ਼ਬਦਾਂ ‘ਚ ਸਮਝਾਉਂਦਾ ਹਾਂ। ਤੁਹਾਡੇ ਪਾਪਾ ਨੇ ਕਾਰ ਖੜ੍ਹੀ ਕੀਤੀ ਧੁੱਪ ‘ਚ...ਠੀਕ?

**ਦਿਨੇਸ਼** : ਜੀ ਹਾਂ।

**ਦਵਿੰਦਰ** : ਤਾਂ ਸੂਰਜੀ ਵਿਕਿਰਣ ਦੇ ਦੁਆਰਾ ਆਉਣ ਵਾਲੀ ਗਰਮੀ ਉਸ ਕਾਰ ਦੇ ਅੰਦਰ ਪਹੁੰਚ ਗਈ।

**ਦਿਨੇਸ਼** : ਠੀਕ ਹੈ।

**ਦਵਿੰਦਰ :** ਅਤੇ ਹੁਣ ਉਸ ਗਰਮੀ ਨੂੰ ਸੋਖਣ ਲੱਗੀਆਂ ਕਾਰ ਦੇ ਅੰਦਰਲੀਆਂ ਵਸਤਾਂ ! ਕਾਰ ਵਿਚ ਲੱਗੀ ਹੋਈ ਸਮੱਗਰੀ ਜਾਂ ਉੱਥੇ ਰੱਖੀਆਂ ਹੋਈਆਂ ਹੋਰ ਚੀਜ਼ਾਂ। ਇਸ ਨਾਲ ਕਾਰ ਦੇ ਅੰਦਰ ਦਾ ਤਾਪਮਾਨ ਲੱਗ ਗਿਆ ਵਧਣ । ਨਾਲ-ਨਾਲ ਬਾਹਰੋਂ ਗਰਮੀ ਦਾ ਆਉਣਾ ਵੀ ਜਾਰੀ ਰਿਹਾ ਅਤੇ ਇਸ ਤਰ੍ਹਾਂ ਕਾਰ ਦੇ ਅੰਦਰ ਬੰਦ ਹੋ ਕੇ ਰਹਿ ਜਾਣ ਵਾਲੀ ਗਰਮੀ ਦੇ ਕਾਰਨ ਤਾਪਮਾਨ ਬਹੁਤ ਜ਼ਿਆਦਾ ਵਧ ਗਿਆ।

**ਸੁਰਜੀਤ :** ਪਰ ਅੰਕਲ, ਇਕ ਗੱਲ ਸਮਝ ਨਹੀਂ ਆਈ।

**ਦਵਿੰਦਰ** : ਉਹ ਕੀ ?

**ਸੁਰਜੀਤ :** ਜਿਸ ਪ੍ਰਕਾਰ ਗਰਮੀ ਕਾਰ ਦੇ ਅੰਦਰ ਪਹੁੰਚ ਸਕਦੀ ਹੈ, ਉਸੇ ਤਰ੍ਹਾਂ ਉਹ ਬਾਹਰ ਵੀ ਤਾਂ ਨਿੱਕਲਦੀ ਹੋਵੇਗੀ ? ਉਸ ਦੇ ਉੱਥੇ ਹੀ ਬੰਦ ਹੋ ਕੇ ਰਹਿ ਜਾਣ ਦਾ ਆਖਿਰ ਕੀ ਕਾਰਨ ਹੋ ਸਕਦਾ ਹੈ?

**ਦਵਿੰਦਰ** : ਓ, ਵਾਹ! ਕਿੰਨਾ ਵਧੀਆ ਪ੍ਰਸ਼ਨ ਕੀਤਾ ਹੈ ਸੁਰਜੀਤ ਨੇ ! ਦਰਅਸਲ ਕਾਰ ਦੇ ਅੰਦਰ ਜਾਣ ਵਾਲੀ ਗਰਮੀ ਬਾਹਰ ਨਹੀਂ ਨਿੱਕਲ ਸਕਦੀ ! ਵੇਖੋ ਇੱਕ ਪਾਸੇ ਸੂਰਜੀ ਵਿਕਿਰਣ ਤੋਂ ਆਉਣ ਵਾਲੀ ਗਰਮੀ ਕਾਰ ਦੇ ਅੰਦਰ ਜਾ ਰਹੀ ਹੈ ਤੇ ਦੂਜੇ ਪਾਸੇ ਕਾਰ ਦੇ ਅੰਦਰ ਮੌਜੂਦ ਸਮੱਗਰੀ ਦੁਆਰਾ ਉਤਸਰਜਿਤ ਤਾਪ ਵਿਕਿਰਣ ਬਾਹਰ ਨਹੀਂ ਨਿਕਲ ਸਕਦਾ। ਨਤੀਜੇ ਵਜੋਂ ਦੋਨਾਂ ਪਾਸਿਆਂ ਦੇ ਤਾਪ ਵਿਕਿਰਣ ਕਾਰ ਦੇ ਅੰਦਰ ਹੀ ਕੈਦ ਹੋ ਕੇ ਰਹਿ ਜਾਂਦੇ ਹਨ ਅਤੇ ਕਾਰ ਦਾ ਅੰਦਰੂਨੀ ਤਾਪਮਾਨ ਬਹੁਤ ਜ਼ਿਆਦਾ ਵਧ ਜਾਂਦਾ ਹੈ।

**ਦਿਨੇਸ਼** : ਪਰ ਅਜਿਹਾ ਹੁੰਦਾ ਹੀ ਕਿਉਂ ਹੈ ਅੰਕਲ?

**ਦਵਿੰਦਰ** : ਅਜਿਹਾ ਹੁੰਦਾ ਹੈ , ਵਿਕਿਰਣ ਦੇ ਗੁਣਾਂ ਦੇ ਕਾਰਨ ! ਕਾਰ ਦੇ ਅੰਦਲਰੀ ਸਮੱਗਰੀ ਦੁਆਰਾ ਉਤਸਰਜਿਤ ਤਾਪ ਦੇ ਵਿਕਿਰਣ ਦੀ ਵੇਵਲੇਂਥ ਅਤੇ ਬਾਹਰ ਤੋਂ ਹੋ ਰਹੇ ਸੌਰ ਵਿਕਿਰਣ ਦੀ ਵੇਵਲੈਂਥ ਵਿਚ ਭਿੰਨਤਾ ਹੋਣ ਦੇ ਕਾਰਨ ! ਕਾਰ ਵਿਚੋਂ ਅਤੇ ਉਸਦੀ ਸਮੱਗਰੀ ਵਿੱਚੋਂ ਉਤਸਰਜਿਤ ਹੋਣ ਵਾਲਾ ਤਾਪ ਜਕੜਿਆ ਜਾਂਦਾ ਹੈ ਕਾਰ ਵਿਚਲੀ ਕਾਰਬਨਡਾਈਅਕਸਾਈਡ ਅਤੇ ਜਲ ਵਾਸ਼ਪਾਂ ਵਿੱਚ ! ਇਸ ਕਰਕੇ ਨਹੀਂ ਨਿੱਕਲ ਸਕਦਾ ਕਾਰ ਤੋਂ ਬਾਹਰ! ਹੋ ਕੇ ਰਹਿ ਜਾਂਦਾ ਹੈ ਕੈਦ ਉੱਥੇ ਹੀ !

**ਸੂਰਜ** : ਅੱਛਾ ਤਾਂ ਇਸੇ ਲਈ, ਕਾਫ਼ੀ ਦੇਰ ਤੱਕ ਲਾਕ ਰਹੀ ਕਾਰ ਦੇ ਅੰਦਰ ਜਾਣ ਨਾਲ ਬਹੁਤ ਗਰਮੀ ਮਹਿਸੂਸ ਹੁੰਦੀ ਹੈ !

**ਦਵਿੰਦਰ** : ਕਾਰ ਨਾਲ ਹੀ ਨਹੀਂ ਸਗੋਂ ਠੀਕ ਅਜਿਹਾ ਹੀ ਸਾਡੀ ਧਰਤੀ ਮਾਂ ਦੇ ਨਾਲ ਵੀ ਹੁੰਦਾ ਹੈ !

**ਦਿਨੇਸ਼** : **(ਹੈਰਾਨੀ ਨਾਲ)**;ਕੀ..?

**ਦਵਿੰਦਰ** : ਹਾਂ।

**ਦਿਨੇਸ਼** : **(ਕੁਝ ਸ਼ੰਕੇ ਦੇ ਨਾਲ);** ਤੁਹਾਡਾ ਮਤਲਬ... ਗਲੋਬਲ ਵਾਰਮਿੰਗ?

**ਦਵਿੰਦਰ** : ਬਿਲਕੁਲ ਸਹੀ। ਸਹੀ ਕਿਹਾ । ਗਲੋਬਲ ਵਾਰਮਿੰਗ।

**ਸੁਰਜੀਤ** : ਇਹ ਕੀ ਹੁੰਦਾ ਹੈ ਅੰਕਲ? ਦਿਨੇਸ਼ ਨੂੰ ਪਤਾ ਹੋਵੇਗਾ ਪਰ ਮੈਨੂੰ ਤਾਂ ਨਹੀਂ ਪਤਾ। ਪਲੀਜ਼,ਦੱਸੋ।

**ਦਵਿੰਦਰ** : ਹਾਂ ਹਾਂ, ਜ਼ਰੂਰ ਦੱਸਾਂਗਾ ਸੁਰਜੀਤ, ਪਰ ਅਜੇ ਨਹੀਂ।

**ਕਰਨੈਲ** : ਬਿਲਕੁਲ ਠੀਕ। ਪਹਿਲਾ ਸਾਰੇ ਗਰਮਾ-ਗਰਮ ਚਾਹ ਪੀ ਲਉ। ਲਉ ਦਵਿੰਦਰ ਭਰਾ ਜੀ।

**ਦਵਿੰਦਰ** : ਧੰਨਵਾਦ, ਭਾਬੀ ਜੀ। ਸੁਰਜੀਤ, ਤੁਸੀਂ ਕੱਲ੍ਹ ਸਕੂਲ ਦੇ ਬਾਅਦ ਮੇਰੇ ਘਰ ਵਾਲੇ ਦਫ਼ਤਰ ਵਿੱਚ ਆ ਜਾਣਾ, ਉੱਥੇ ਕਰਾਂਗੇ ਚਰਚਾ ਇਸ ਮਾਮਲੇ 'ਤੇ ਵਿਸਤਾਰ ਨਾਲ !

**ਦਿਨੇਸ਼** : ਮੈਂ ਵੀ ਆਵਾਂਗਾ।

**ਦਵਿੰਦਰ** : ਹਾਂ ਹਾਂ, ਤੁਸੀਂ ਦੋਵੇਂ ਆ ਜਾਇਓ।

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਚੌਥਾ** ......

**( ਦਵਿੰਦਰ ਦਾ ਘਰ, ਦਰਵਾਜ਼ੇ ਤੇ ਦਸਤਕ)**

**ਦਿਨੇਸ਼** : ਕੀ ਅਸੀਂ ਅੰਦਰ ਆ ਸਕਦੇ ਹਾਂ, ਅੰਕਲ।

**ਦਵਿੰਦਰ** : ਹਾਂ, ਹਾਂ ਲੰਘ ਆਉ।

**ਕਰਨੈਲ** : ਨਮਸਤੇ।

**ਦਵਿੰਦਰ** : ਓ ਕਰਨੈਲ ਭਾਬੀ ਜੀ। ਆਉ ਆਉ। ਬੈਠੋ। ਸੁਰਜੀਤ, ਦਿਨੇਸ਼ ਬੈਠੋ।

**ਸੁਰਜੀਤ/ਦਿਨੇਸ਼**: ਧੰਨਵਾਦ, ਅੰਕਲ।

**ਦਵਿੰਦਰ** : ਹਾਂ.. ਤਾਂ ਤੁਸੀਂ ਗ੍ਰੀਨ ਹਾਊਸ ਪ੍ਰਭਾਵ ਦੇ ਬਾਰੇ ਵਿਚ ਜਾਣਨਾ ਚਾਹੁੰਦੇ ਹੋ।

**ਦਿਨੇਸ਼** : ਵੈਸੇ ਤਾਂ ਮੈਂ ਇਸ ਬਾਰੇ ਕਿਤਾਬ ਵਿਚ ਪੜ੍ਹਿਆ ਹੈ ਅਤੇ ਕੁਝ ਜਾਣਕਾਰੀ ਇੰਟਰਨੈੱਟ ਤੋਂ ਵੀ ਇਕੱਠੀ ਕੀਤੀ ਹੈ.. ਵੇਖੋ, ਇਹ ਪ੍ਰਿੰਟ ਆਊਟ।

**ਦਵਿੰਦਰ** : ਵਾਹ! ਬਹੁਤ ਵਧੀਆ। ਮੂਲ ਰੂਪ 'ਚ ਕੀ ਹੈ ਗ੍ਰੀਨ ਹਾਊਸ ਪ੍ਰਭਾਵ ਅਤੇ ਇਸ ਦਾ ਜ਼ਿੰਮੇਵਾਰ ਕੌਣ ਹੈ...?

**ਸੁਰਜੀਤ** : ਇਹ ਅਸੀਂ ਤੁਹਾਡੇ ਤੋਂ ਜਾਣਨਾ ਚਾਹੁੰਦੇ ਹਾਂ।

**ਦਵਿੰਦਰ** : ਓ ਕੇ ਸੁਰਜੀਤ। ਜ਼ਰੂਰ ਦੱਸਾਂਗਾ। ਚੰਗਾ ਇਹ ਤਾਂ ਤੁਹਾਨੂੰ ਪਤਾ ਹੀ ਹੋਵੇਗਾ ਕਿ ਸਾਡੀ ਧਰਤੀ ਕਈ ਪ੍ਰਕਾਰ ਦੀਆਂ ਗੈਸਾਂ ਦੇ ਮਿਸ਼ਰਣ ਨਾਲ ਘਿਰੀ ਹੋਈ ਹੈ..

**ਦਿਨੇਸ਼**: ਜੀ, ਉਸ ਨੂੰ ਵਾਯੂਮੰਡਲ ਕਹਿੰਦੇ ਹਨ।

**ਦਵਿੰਦਰ** : ਠੀਕ। ਸੂਰਜ ਤੋਂ ਸਾਨੂੰ ਤਾਪ ਅਤੇ ਪ੍ਰਕਾਸ਼ ਮਿਲਦਾ ਹੈ। ਸੂਰਜ ਦੀ ਇਹ ਊਰਜਾ ਹੀ ਧਰਤੀ 'ਤੇ ਜੀਵਨ ਦਾ ਪ੍ਰਮੁੱਖ ਕਾਰਨ ਹੈ। ਨਾਲ ਹੀ ਇਹੀ ਸੂਰਜ ਧਰਤੀ 'ਤੇ ਜਲ ਚੱਕਰ ਨੂੰ ਵੀ ਸੰਚਾਲਿਤ ਕਰਦਾ ਹੈ।

**ਦਿਨੇਸ਼** : ਜੀ।

**ਦਵਿੰਦਰ** : ਇਹ ਸੂਰਜੀ ਊਰਜਾ ਵਾਯੂਮੰਡਲ ਤੋਂ ਲੰਘ ਕੇ ਸੂਰਜ ਤੋਂ ਧਰਤੀ ਤੱਕ ਆਉਂਦੀ ਹੈ। ਧਰਤੀ 'ਤੇ ਮੌਜੂਦ ਸਾਰੇ ਪਦਾਰਥ ਇਸ ਊਰਜਾ ਨੂੰ ਗ੍ਰਹਿਣ ਕਰਦੇ ਹਨ ਜਾਂ ਸੋਖ ਲੈਂਦੇ ਹਨ, ਪਰ ਸਭ ਤੋਂ ਜ਼ਿਆਦਾ ਊਰਜਾ ਧਰਤੀ ਦੀ ਸਤਿਹ ਸੋਖ ਲਿਆ ਕਰਦੀ

ਹੈ।

**ਕਰਨੈਲ** : ਇਸੇ ਲਈ ਧਰਤੀ ਦਾ ਤਾਪਮਾਨ ਵਧ ਜਾਂਦਾ ਹੈ।

**ਦਵਿੰਦਰ** : ਨਹੀਂ ਨਹੀਂ। ਅਜਿਹਾ ਨਹੀਂ ਹੈ।

**ਦਿਨੇਸ਼** : **(ਹੈਰਾਨੀ ਨਾਲ)** ਅਜਿਹਾ ਨਹੀਂ ਹੈ? ਮਤਲਬ... ਕੀ ਇਹ ਗਲੋਬਲ ਵਾਰਮਿੰਗ..।

**ਸੁਰਜੀਤ** : ਦਿਨੇਸ਼, ਅੰਕਲ ਦੀ ਪੂਰੀ ਗੱਲ ਸੁਣਨ ਤੋਂ ਪਹਿਲਾ ਹੀ ਕਿਉਂ ਬੋਲ ਰਿਹਾ ਹੈਂ।

**ਦਿਨੇਸ਼** : **(ਝਿੜਕਣ ਦੇ ਅੰਦਾਜ਼ 'ਚ)** ਸੁਰਜੀਤ...

**ਕਰਨੈਲ** : ਦਿਨੇਸ਼, ਸ਼ਾਂਤ ਹੋ ਜਾ। ਅੰਕਲ ਜੋ ਕੁਝ ਦੱਸ ਰਹੇ ਹਨ ਧਿਆਨ ਨਾਲ ਸੁਣ। ਬਾਅਦ ਵਿਚ ਜੋ ਪੁੱਛਣਾ ਹੋਵੇਗਾ ਪੁੱਛ ਲੈਣਾ।

**ਦਵਿੰਦਰ** : ਦੇਖੋ, ਪਹਿਲਾ ਇਕ ਉਲਝਣ ਦੂਰ ਕਰ ਲਉ। ਜਿਹੜਾ ਵੀ ਪਦਾਰਥ ਤਾਪ ਨੂੰ ਸੋਖਦਾ ਹੈ, ਉਹ ਉਸ ਤਾਪ ਨੂੰ ਉਤਸਰਜਿਤ ਵੀ ਕਰਦਾ ਹੈ, ਮਤਲਬ ਬਾਹਰ ਵੀ ਕੱਢਦਾ ਹੈ । ਤਾਂ ਧਰਤੀ ਦੀ ਸਤਿਹ ਅਤੇ ਇਸਦੇ ਉਪਰ ਪਏ ਪਦਾਰਥ ਵੀ ਤਾਪ ਉਤਸਰਜਿਤ ਕਰਦੇ ਹਨ। ਇਹੀ ਉਤਸਰਜਿਤ ਤਾਪ ਵਾਯੂਮੰਡਲ ਵਿਚ ਪਹੁੰਚਦਾ ਹੈ, ਇਥੇ ਇਸ ਨੂੰ ਰੋਕ ਲਿਆ ਜਾਂਦਾ ਹੈ। ਇਹ ਰੋਕਿਆ ਗਿਆ ਤਾਪ ਹੀ ਹੈ ਜੋ ਧਰਤੀ ਦਾ ਤਾਪਮਾਨ ਵਧਾਉਣ ਦੇ ਲਈ ਜ਼ਿੰਮੇਵਾਰ ਹੈ।

**ਦਿਨੇਸ਼** : ਮਤਲਬ ਇਹ ਕਿ ਧਰਤੀ ਦਾ ਤਾਪਮਾਨ ਸੂਰਜ ਦੇ ਵਿਕਿਰਣ ਦੁਆਰਾ ਪ੍ਰਾਪਤ ਤਾਪ ਨਹੀਂ ਬਲਕਿ ਧਰਤੀ ਦੀ ਸਤਿਹ ਕਾਰਨ ਹੀ ਉਤਸਰਜਿਤ ਹੋਣ ਵਾਲਾ ਤਾਪ? ਭਲਾ ਇਹ ਕਿਵੇਂ ਸੰਭਵ ਹੈ ਅੰਕਲ?

**ਦਵਿੰਦਰ** : ਜਾਣਦਾ ਹਾਂ ਇਹ ਗੱਲ ਐਨੀ ਅਸਾਨੀ ਨਾਲ ਸਮਝ ਨਹੀਂ ਆਉਣ ਵਾਲੀ.. ਚੰਗਾ ਲਉ.. ਇੱਕ ਉਦਾਹਰਣ ਦੇ ਕੇ ਸਮਝਾਉਂਦਾ ਹਾਂ.. ਠੀਕ ਹੈ?

**ਦਿਨੇਸ਼** : ਜੀ।

**ਦਵਿੰਦਰ** : ਜਦੋਂ ਤੁਸੀਂ ਕਿਸੇ ਹਵਾਈ ਜਹਾਜ਼ ਦੁਆਰਾ ਸਫ਼ਰ ਕਰ ਰਹੇ ਹੁੰਦੇ ਹੋ ਤਾਂ ਧਰਤੀ ਦੀ ਸਤਿਹ ਤੋਂ ਲਗਭਗ 30 ਜਾਂ 40 ਹਜ਼ਾਰ ਫੁੱਟ ਦੀ ਉੱਚਾਈ 'ਤੇ ਹੁੰਦੇ ਹੋ। ਮਤਲਬ ਧਰਤੀ ਦੀ ਸਤਿਹ ਦੇ ਮੁਕਾਬਲੇ ਸੂਰਜ ਦੇ ਜ਼ਿਆਦਾ ਨੇੜੇ ਹੁੰਦੇ ਹੋ। ਠੀਕ?

**ਦਿਨੇਸ਼** : ਹਾਂ, ਬਿਲਕੁਲ...

**ਦਵਿੰਦਰ** : ਅਜਿਹੀ ਸਥਿਤੀ 'ਚ ਤਾਂ ਜਹਾਜ਼ ਦਾ ਬਾਹਰੀ ਤਾਪਮਾਨ ਵੀ ਧਰਤੀ ਦੀ ਸਤਿਹ ਦੇ ਮੁਕਾਬਲੇ ਜ਼ਿਆਦਾ ਹੋਣਾ ਚਾਹੀਦਾ ਹੈ?

**ਸੁਰਜੀਤ** : ਜੀ, ਹੋਣਾ ਹੀ ਚਾਹੀਦਾ ਹੈ।

**ਦਵਿੰਦਰ** : **(ਹੱਸਦੇ ਹੋਏ)** ਪਰ ਅਜਿਹਾ ਨਹੀਂ ਹੁੰਦਾ। ਬਲਕਿ ਓਨੀ ਉੱਚਾਈ 'ਤੇ ਉਸ ਦਾ ਬਾਹਰੀ ਤਾਪਮਾਨ 0 ਡਿਗਰੀ ਸੈਲਸੀਅਸ ਜਾਂ ਕਦੇ ਇਸ ਤੋਂ ਵੀ ਘੱਟ ਹੋ ਸਕਦਾ ਹੈ... ਉਹ ਨਿਰਭਰ ਕਰਦਾ ਹੈ ਉਡਾਨ ਕਿੰਨੀ ਉੱਚਾਈ 'ਤੇ ਹੈ।

**ਦਿਨੇਸ਼** : ਹਾਂ... ਅੰਕਲ। ਤੁਸੀਂ ਸਹੀ ਕਿਹਾ। ਇਕ ਵਾਰ ਫਲਾਈਟ ਤੋਂ ਆਉਂਦੇ ਹੋਏ ਪਾਇਲਟ ਨੇ ਦੱਸਿਆ ਸੀ ਕਿ ਬਾਹਰੀ ਤਾਪਮਾਨ 0 ਤੋਂ ਵੀ ਘੱਟ ਹੈ।

**ਦਵਿੰਦਰ** : ਜਿਵੇਂ-ਜਿਵੇਂ ਜਹਾਜ਼ ਧਰਤੀ ਦੇ ਨੇੜੇ ਆਉਣ ਲੱਗਦਾ ਹੈ, ਤਾਪਮਾਨ ਵਧਦਾ ਜਾਂਦਾ ਹੈ। ਤੁਹਾਨੂੰ ਇਹ ਵੀ ਦੱਸ ਦਿਆਂ ਕਿ ਸੌਰ ਮੰਡਲ ਤੋਂ ਆਉਣ ਵਾਲੀ ਊਰਜਾ ਦਾ ਕਰੀਬ 26% ਸਾਡੇ ਵਾਯੂਮੰਡਲ ਅਤੇ ਬੱਦਲਾਂ ਦੁਆਰਾ ਬ੍ਰਹਿਮੰਡ ਵਿਚ ਪਰਾਵਰਤਿਤ ਕਰ ਦਿੱਤਾ ਜਾਂਦਾ ਹੈ ਅਤੇ ਲਗਭਗ 19% ਨੂੰ ਵਾਯੂਮੰਡਲ ਅਤੇ ਬੱਦਲ ਸੋਖ ਲੈਂਦੇ ਹਨ। ਬਚੀ ਹੋਈ ਜ਼ਿਆਦਾਤਰ ਊਰਜਾ ਨੂੰ ਧਰਤੀ ਦੀ ਸਤਿਹ ਸੋਖ ਲੈਂਦੀ ਹੈ।

**ਦਿਨੇਸ਼** : ਜੀ ! ਯਾਣੀ 55% ਸੂਰਜੀ ਊਰਜਾ ਨੂੰ ਸੋਖ ਲੈਂਦੀ ਹੈ ਸਾਡੀ ਇਹ ਧਰਤੀ !

**ਦਵਿੰਦਰ** : ਹਾਂ ! ਸੂਰਜ ਤੋਂ ਜਿਹੜੀ ਊਰਜਾ ਧਰਤੀ ਗ੍ਰਹਿਣ ਕਰਦੀ ਹੈ ਉਹ ਪਰਾਬੈਂਗਨੀ (ਅਲਟਰਾ ਵਾਇਲਟ), ਦ੍ਰਿਸ਼ਟੀ-ਗੋਚਰ (ਵਿਜ਼ੀਬਲ) ਰੌਸ਼ਨੀ ਅਤੇ ਇਨਫ੍ਰਾਰੇਡ ਵਿਕਿਰਣ ਦੇ ਦੁਆਰਾ ਉਸ ਤੱਕ ਪਹੁੰਚਦੀ ਹੈ । ਇਸ ਗ੍ਰਹਿਣ ਕੀਤੀ ਸੂਰਜੀ ਊਰਜਾ ਨੂੰ ਧਰਤੀ ਛੱਡਦੀ ਵੀ ਹੈ ! ਪਰ ਸੂਰਜ ਦੇ ਮੁਕਾਬਲੇ ਧਰਤੀ ਦੀ ਸਤਿਹ ਬਹੁਤ ਠੰਡੀ ਹੋਣ ਕਰਕੇ , ਧਰਤੀ ਦੁਆਰਾ ਹੋਣ ਵਾਲੀ ਵਿਕਿਰਣ ਦੀ ਵੇਵਲੈਂਗਥ ( ਤਰੰਗ ਲੰਬਾਈ ) ਜ਼ਿਆਦਾ ਲੰਮੀ ਹੁੰਦੀ ਹੈ , ਉਸ ਵਿਕਿਰਣ ਦੀ ਵੇਵਲੈਂਗਥ ਦੇ ਮੁਕਾਬਲੇ ਜਿਸ ‘ਤੇ ਉਸ ਸੂਰਜੀ ਗਰਮੀ ਨੂੰ ਗ੍ਰਹਿਣ ਕਰਦੀ ਹੈ ! ਧਰਤੀ ਵੱਲੋਂ ਛੱਡੇ ਇਸ ਲੰਬੀ ਤਰੰਗ ਲੰਬਾਈ ਦੇ ਵਿਕਿਰਣ ਦੇ ਜ਼ਿਆਦਾਤਰ ਭਾਗ ਨੂੰ ਵਾਯੂਮੰਡਲ ਵਿਚ ਮੌਜੂਦ ਕੁਝ ਗੈਸਾਂ ਸੋਖ ਲੈਂਦੀਆਂ ਹਨ ਅਤੇ ਇਸ ਤਰ੍ਹਾਂ ਧਰਤੀ ਦੇ ਤਾਪਮਾਨ ਵਿਚ ਵਾਧਾ ਹੋ ਜਾਂਦਾ ਹੈ।

**ਦਿਨੇਸ਼** : ਉਹ ਕਿਹੜੀ ਗੈਸ ਹੁੰਦੀ ਹੈ?

**ਦਵਿੰਦਰ** : ਮੁੱਖ ਤੌਰ ‘ਤੇ ਕਾਰਬਨਡਾਈਆਕਸਾਈਡ ਹੈ। ਹੋਰ ਹਨ ਮੀਥੇਨ, ਨਾਈਟ੍ਰਸ ਆਕਸਾਈਡ, ਜਲ ਵਾਸ਼ਪ, ਓਜ਼ੋਨ, ਕਲੋਰੋਫਲੋਰੋ ਕਾਰਬਨ, ਹਾਈਡਰੋਫਲੋਰੋਕਾਰਬਨ ਜਿਹੜੀਆਂ ਧਰਤੀ ਤੋਂ ਉਤਸਰਜਿਤ ਗਰਮੀ ਨੂੰ ਸੋਖ ਲੈਂਦੀਆਂ ਹਨ ।ਇਹ ਲੰਬੀ ਤਰੰਗ ਲੰਬਾਈ ਵਾਲੇ ਵਿਕੀਰਨ ਨੂੰ ਜਕੜਨ ਵਾਲੀਆਂ ਗੈਸਾਂ ਹਨ ਅਤੇ ਗ੍ਰੀਨ ਹਾਊਸ ਪ੍ਰਭਾਵ ਦੇ ਲਈ ਜ਼ਿੰਮੇਵਾਰ ਹਨ।ਇਸ ਲਈ ਇਨ੍ਹਾਂ ਨੂੰ ਗ੍ਰੀਨ ਹਾਊਸ ਗੈਸਾਂ ਕਿਹਾ ਜਾਂਦਾ ਹੈ।

**ਸੁਰਜੀਤ** : ਅੰਕਲ, ਮੈਨੂੰ ਇਕ ਗੱਲ ਸਮਝ ਵਿਚ ਨਹੀਂ ਆਈ।

**ਦਵਿੰਦਰ** : ਉਹ ਕੀ ?

**ਸੁਰਜੀਤ** : ਸਿਰਫ਼ ਇਹੀ ਗੈਸਾਂ ਕਿਉਂ ਜ਼ਿੰਮੇਦਾਰ ਸਮਝੀਆਂ ਜਾਂਦੀਆਂ ਹਨ ਗਲੋਬਲ ਵਾਰਮਿੰਗ ਵਾਸਤੇ ?

**ਦਵਿੰਦਰ** : ਸਵਾਲ ਚੰਗਾ ਪੁੱਛਿਆ ਹੈ ਸੁਰਜੀਤ। ਦੇਖੋ, ਇਨ੍ਹਾਂ ਗੈਸਾਂ ਵਿਚ ਹੁੰਦੇ ਨੇ ਕਈ ਵਿਸ਼ੇਸ਼ ਗੁਣ !

**ਦਿਨੇਸ਼**: ਕਿਹੜੇ ਵਿਸ਼ੇਸ਼ ਗੁਣ ਅੰਕਲ ?

**ਦਵਿੰਦਰ**: ਵਿਸ਼ੇਸ਼ ਗੁਣ ਇਹ ਹੈ ਕਿ ਇਹ ਗੈਸਾਂ ਧਰਤੀ ਦੀ ਸਤਿਹ ਤੋਂ ਉਤਸਰਜਿਤ ਇਨਫਰਾਰੈਡ ਵਿਕਿਰਣ ਨੂੰ ਜਿਸ ਲੰਬੀ ਵੇਵ ਲੈਂਗਥ ‘ਤੇ ਉਹ ਧਰਤੀ ਵਿੱਚੋਂ ਨਿਕਲਦਾ ਹੈ ਉਸੇ ਵੇਵ ਲੈਂਗਥ ‘ਤੇ ਸੋਖ ਲੈਣ ਦੇ ਸਮਰੱਥ ਹਨ ।ਇਹ ਗੁਣ ਕੇਵਲ ਇਨ੍ਹਾਂ ਗੈਸਾਂ ਵਿਚ ਹੀ ਹੁੰਦਾ ਹੈ ਹੋਰਾਂ ਵਿਚ ਨਹੀਂ।

**ਸੁਰਜੀਤ** : ਇਸ ਦਾ ਮਤਲਬ ਤਾਂ ਇਹੀ ਹੋਇਆ ਕਿ ਜਿੰਨੀ ਇਹਨਾਂ ਗੈਸਾਂ ਦੀ ਮਾਤਰਾ ਵਧਦੀ ਜਾਵੇਗੀ ਤਾਪਮਾਨ ਵਿੱਚ ਓਨਾ ਹੀ ਵਾਧਾ ਹੁੰਦਾ ਜਾਵੇਗਾ।

**ਦਵਿੰਦਰ** : ਸਹੀ ਕਿਹਾ। ਇਹੀ ਤਾਂ ਹੈ, ਗਲੋਬਲ ਵਾਰਮਿੰਗ।

**ਸੁਰਜੀਤ :** ਕੀ ਇਹਨਾਂ ਗੈਸਾਂ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ, ਤਾਂ ਕਿ ਤਾਪਮਾਨ ਵਿਚ ਵਾਧਾ ਨਾ ਹੋਵੇ?

**ਦਵਿੰਦਰ :** ਨਹੀਂ, ਅਜਿਹਾ ਹੋਣ ਨਾਲ ਕੁਦਰਤ ਦਾ ਸੰਤੁਲਨ ਵਿਗੜ ਜਾਵੇਗਾ।ਧਰਤੀ ਤਾਂ ਫਿਰ ਬਿਲਕੁਲ ਸ਼ੀਤ ਹੋ ਜਾਵੇਗੀ ! ਜੇਕਰ ਇਹ ਗ੍ਰੀਨ ਹਾਊਸ ਗੈਸਾਂ ਨਾ ਹੋਣ ਤਾਂ ਧਰਤੀ ਦਾ ਤਾਪਮਾਨ -18 ਡਿਗਰੀ ਸੈਲਸੀਅਸ ਹੀ ਰਹਿ ਜਾਵੇਗਾ ਜਿਹੜਾ ਜੀਵਨ ਦੇ ਅਨੁਕੂਲ ਨਹੀਂ ਹੈ। ਇਸ ਤਰ੍ਹਾਂ ਇਹ ਗ੍ਰੀਨ ਹਾਊਸ ਪ੍ਰਭਾਵ ਸਾਡੇ ਲਈ ਸਹਾਇਕ ਵੀ ਹੈ।

**ਦਿਨੇਸ਼:** ਅੰਕਲ ਜੋ ਕੰਚ ਦੇ ਪੌਦਾ ਘਰਾਂ ਵਿੱਚ ਗ੍ਰੀਨ ਹਾਊਸ ਪ੍ਰਭਾਵ ਹੁੰਦਾ ਹੈ ਉਸਦਾ ਤੇ ਇਸ ਧਰਤੀ ਵਾਲੇ ਗ੍ਰੀਨ ਹਾਊਸ ਪ੍ਰਭਾਵ ਦਾ ਕੀ ਹੈ ਅੰਤਰ ?

**ਦਵਿੰਦਰ:** ਕੱਚ ਦੇ ਘਰਾਂ ਵਿਚ ਜਿਹੜਾ ਤਾਪਮਾਨ ਵਧਾਇਆ ਜਾਂਦਾ ਹੈ, ਉਸ ਦੀ ਸੀਮਾ ਨਿਸ਼ਚਿਤ ਕਰ ਦਿੱਤੀ ਜਾਂਦੀ ਹੈ ਤਾਂਕਿ ਪੌਦੇ ਸਹੀ ਤਰੀਕੇ ਨਾਲ ਵਿਕਿਰਣ ਲੈਂਦੇ ਰਹਿਣ। ਇਹਨਾਂ ਵਿਚ ਤਾਪਮਾਨ ਬਾਹਰ ਦੇ ਤਾਪਮਾਨ ਦੀ ਤੁਲਨਾ ‘ਚ ਜ਼ਿਆਦਾ ਹੁੰਦਾ ਹੈ। ਇਸ ਲਈ ਇਸ ਪ੍ਰਭਾਵ ਨੂੰ ਗ੍ਰੀਨ ਹਾਊਸ ਕਿਹਾ ਜਾਂਦਾ ਹੈ।

**ਦਿਨੇਸ਼:** ਪਰ ਅੰਕਲ ! ਕਾਰਬਨਡਾਈਅਕਸਾਈਡ ਸਾਡੇ ਲਈ ਜ਼ਰੂਰੀ ਵੀ ਤਾਂ ਹੈ, ਉਸ ਦੇ ਬਿਨਾਂ ਪੌਦੇ ਆਪਣਾ ਭੋਜਨ ਕਿਵੇਂ ਬਣਾਉਣਗੇ?

**ਦਵਿੰਦਰ:** ਬਿਲਕੁਲ ਸਹੀ ! ਗ੍ਰੀਨ ਹਾਊਸ ਗੈਸਾਂ ਸਾਡੇ ਜੀਵਣ ਵਾਸਤੇ ਜਰੂਰੀ ਹਨ ਪਰ ਇਨ੍ਹਾਂ ਦੀ ਲੋੜੋਂ ਵੱਧ ਵੱਧਦੀ ਮਾਤਰਾ ਬਣ ਰਹੀ ਹੈ ਖਤਰਾ !

**ਸੁਰਜੀਤ :** ਹੁਣ ਮੈਂ ਸਮਝ ਗਈ।

**ਦਵਿੰਦਰ :** ਜਾਣਦੇ ਹੋ, ਸ਼ੁੱਕਰ ਗ੍ਰਹਿ ਦਾ ਤਾਮਾਨ 450 ਡਿਗਰੀ ਸੈਲਸ਼ੀਅਸ ਰਹਿੰਦਾ ਹੈ।

**ਸੁਰਜੀਤ :** ਉਹ ਕਿਉਂ ਅੰਕਲ ?

**ਦਵਿੰਦਰ :** ਇਸ ਲਈ ਕਿ ਉਥੋਂ ਦੇ ਵਾਯੂਮੰਡਲ ਵਿਚ ਕਾਰਬਨਡਾਈਅਕਸਾਈਡ ਬਹੁਤ ਵਿਸ਼ਾਲ ਮਾਤਰਾ ਵਿਚ ਮੌਜੂਦ ਹੈ ਜਿਸ ਦੇ ਕਾਰਨ ਗਰਮੀ ਜ਼ਿਆਦਾ ਮਾਤਰਾ ਵਿਚ ਰੋਕ ਲਈ ਜਾਂਦੀ ਹੈ ਅਤੇ ਤਾਪਮਾਨ ਵਧ ਜਾਂਦਾ ਹੈ।

**ਦਿਨੇਸ਼** : ਹੋ ਸਕਦਾ ਹੈ, ਭਵਿੱਖ ਵਿਚ ਸਾਨੂੰ ਵੀ ਧਰਤੀ ‘ਤੇ ਅਜਿਹੀ ਹੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਜਾਏ।

**ਸੁਰਜੀਤ :** ਅਜਿਹਾ ਕਿਵੇਂ ਹੋ ਸਕਦਾ ਹੈ ਦਿਨੇਸ਼?

**ਦਵਿੰਦਰ :** ਦਿਨੇਸ਼ ਨੇ ਜੋ ਕਿਹਾ ਉਹ ਅਸੰਭਵ ਨਹੀਂ ਹੈ। ਜੇਕਰ ਅਸੀਂ ਇਸੇ ਪ੍ਰਕਾਰ ਵਾਯੂਮੰਡਲ ਵਿਚ ਕਾਰਬਨਡਾਈਅਕਸਾਈਡ ਛੱਡਦੇ ਰਹੇ ਤਾਂ ਭਵਿੱਖ ਵਿਚ ਅਜਿਹੀ ਸਥਿਤੀ ਆ ਸਕਦੀ ਹੈ। ਖਣਿਜ ਪਦਾਰਥ ਕੋਲਾ ਬਾਲਣ, ਜੰਗਲ ਉਜਾੜਨ, ਅੰਨ੍ਹੇਵਾਹ ਉਦਯੋਗੀਕਰਨ ਵਰਗੀਆਂ ਹੋਰ ਗਤੀਵਿਧੀਆਂ ਨਾਲ ਤਾਂ ਕਾਰਬਨਡਾਈਅਕਸਾਈਡ ਨਿਰੰਤਰ ਪੈਦਾ ਹੁੰਦੀ ਹੀ ਰਹੇਗੀ ਤੇ ਵਧਦੀ ਹੀ ਜਾਵੇਗੀ !

**ਸੁਰਜੀਤ :** ਧਰਤੀ ਦਾ ਤਾਪਮਾਨ ਵਧਣ ਨਾਲ ਕੀ ਹੋਵੇਗਾ?

**ਦਵਿੰਦਰ :** ਸਭ ਤੋਂ ਪਹਿਲਾ ਹੋਵੇਗਾ ਜਲਵਾਯੂ ਪਰਿਵਰਤਨ।

**ਦਿਨੇਸ਼** : ਜਲਵਾਯੂ ਪਰਿਵਰਤਨ? ਕੀ ਮਤਲਬ?

**ਦਵਿੰਦਰ** : ਜਿਵੇਂ ਮੌਨਸੂਨ ਲੇਟ ਆਉਣ ਅਤੇ ਜਲਦੀ ਵਿਦਾ ਹੋ ਜਾਣ ਦੀ ਸਮੱਸਿਆ। ਮੀਂਹ ਦੇ ਮੌਸਮ ਵਿਚ ਪਾਣੀ ਤਿੰਨ-ਚਾਰ ਮਹਿਨੇ ਦੀ ਅਵਧੀ ਵਿਚ ਵੀ ਬਰਾਬਰ ਮਾਤਰਾ ਨਾਲ ਨਹੀਂ ਪੈਂਦਾ। ਕਦੇ ਤਾਂ ਮੂਸਲਾਧਾਰ ਵਰਖਾ ਹੁੰਦੀ ਅਤੇ ਕਦੇ ਬੂੰਦ ਭਰ ਪਾਣੀ ਵੀ ਨਹੀਂ ਪਏਗਾ। ਤੂਫ਼ਾਨ ਤੇ ਤੂਫ਼ਾਨ ਆਉਗੇ। ਵੈਸੇ ਵੀ ਸਾਡੇ ਪੂਰਬੀ ਤੱਟੀ ‘ਤੇ ਤੂਫ਼ਾਨਾਂ ਦਾ ਖ਼ਤਰਾ ਹਮੇਸ਼ਾ ਹੀ ਮੰਡਰਾਉਂਦਾ ਰਹਿੰਦਾ ਹੈ ਪਰ ਹੁਣ ਪੱਛਮੀ ਤੱਟ ਵੀ ਇਨ੍ਹਾਂ ਦਾ ਸ਼ਿਕਾਰ ਹੋਣ ਲੱਗੇ ਹਨ ! ਦੇਸ਼ ਦੇ ਕਈ ਹਿੱਸਿਆਂ ਵਿਚ ਮੀਂਹ ਦੇ ਨਾਲ ਗੜ੍ਹੇ ਡਿੱਗਣ ਲਗੇ ਹਨ ਅਤੇ ਉਹ ਵੀ ਕਦੋਂ ? ਫਰਵਰੀ-ਮਾਰਚ ਦੇ ਮਹੀਨੇ ਵਿਚ ! ਇਹ ਸਾਰੇ ਜਲਵਾਯੂ ਪਰਿਵਰਤਨ ਦੇ ਸੰਕੇਤ ਹਨ।

**ਕਰਨੈਲ** : ਮਾਰਚ ਦੇ ਦੂਜੇ ਅੱਧ ਦੇ ਮੀਂਹ ਤਾਂ ਪੰਜਾਬ ਦੇ ਕਣਕ ਉਗਾਉਣ ਵਾਲਿਆਂ ਵਾਸਤੇ ਤਾਂ ਬਹੁਤ ਖਤਰਨਾਕ ਹੁੰਦੇ ਹਨ !

**ਸੂਰਜ**: ਮੀਂਹ ਨਾਲ ਜਦ ਔਲੇ ਪੈਂਦੇ ਨੇ ਤਾਂ ਬੱਲੀਆਂ ਝੜ ਜਾਂਦੀਆਂ ਨੇ ਅਤੇ ਜਦ ਹਨੇਰੀਆਂ ਨਾਲ ਆ ਜਾਂਦੀਆਂ ਨੇ ਤਾਂ ਕਣਕ ਖੇਤਾਂ ਵਿੱਚ ਵਿਛ ਜਾਂਦੀ ਹੈ ਤੇ ਖਰਾਬ ਹੋ ਜਾਂਦੀ ਹੈ !

**ਕਰਨੈਲ**: ਤਾਂਹੀ ਤਾਂ ਕਹਿੰਦੇ ਨੇ , **“ਵਸਿਆ ਚੇਤ , ਨਾ ਘਰ , ਨਾ ਖੇਤ”**

**ਸੁਰਜੀਤ** : ਇਸ ਤੋਂ ਤਾਂ ਸਪਸ਼ਟ ਹੈ ਕਿ ਜਲਵਾਯੂ ਬਦਲਾਅ ਦੀ ਸ਼ੁਰੂਆਤ ਹੋ ਚੁੱਕੀ ਹੈ !

**ਕਰਨੈਲ**: ਬਿਲਕੁਲ ਹੋ ਚੁੱਕੀ ਹੈ ! ਅਸੀਂ ਵੇਖਦੇ ਹੀ ਤਾਂ ਹਾਂ ਬੇ-ਰੁੱਤੇ ਮੀਂਹ ਤੇ ਘਟਦੀਆਂ ਸਰਦੀਆਂ !

**ਦਵਿੰਦਰ** : ਹਾਂ ! ਹੁਣ ਤਾਂ ਸਾਨੂੰ ਸਾਰਿਆਂ ਨੂੰ ਇਸ ਦਿਸ਼ਾ ਵਿਚ ਬਹੁਤ ਗੰਭੀਰਤਾ ਨਾਲ ਸੋਚਣ ਦੀ ਜ਼ਰੂਰਤ ਹੈ। ਦੂਜੇ ਦੇਸ਼ਾਂ ਦੇ ਵਾਂਗ ਆਪਣੇ ਦੇਸ਼ ਵਿਚ ਵੀ ਕਾਰਬਨਡਾਈਅਕਸਾਈਡ ਦੇ ਉਤਸਰਜਨ ਵਿਚ ਕਮੀ ਲੈ ਕੇ ਆਉਣ ਦੇ ਯਤਨ ਹੋ ਰਹੇ ਹਨ ਤਾਂ ਕਿ ਵਾਤਾਵਰਣ ਵਿਚ ਗ੍ਰੀਨ ਹਾਊਸ ਗੈਸਾਂ ਦਾ ਵਾਧਾ ਨਾ ਹੋਵੇ।

**ਦਿਨੇਸ਼** : ਨਹੀਂ ਤਾਂ ਇਹ ਧਰਤੀ ਵੀ ਕਿਤੇ ਦੂਸਰਾ ਸੁੱਕਰ ਗ੍ਰਹਿ ਹੀ ਨਾ ਬਣ ਜਾਏ।

**ਦਵਿੰਦਰ** : ਹਾਂ ਦਿਨੇਸ਼। ਗਲੋਬਲ ਵਾਰਮਿੰਗ ਦੇ ਕਾਰਨ ਸਮੁੰਦਰ ਦੇ ਪਾਣੀ ਦਾ ਪੱਧਰ ਵੀ ਵਧ ਸਕਦਾ ਹੈ। ਜਿਹੜਾ ਤੱਟਵਰਤੀ ਇਲਾਕਿਆਂ ਦੇ ਲਈ ਖ਼ਤਰਨਾਕ ਹੋਵੇਗਾ।

**ਸੁਰਜੀਤ** : ਕਿਉਂ ? ਇਸ ਨੂੰ ਰੋਕਿਆ ਨਹੀਂ ਜਾ ਸਕਦਾ ?

**ਦਵਿੰਦਰ** : ਰੋਕਿਆ ਤਾਂ ਜਾ ਸਕਦਾ ਹੈ ਪਰ ਰੋਕਣ ਦਾ ਇਕੋ-ਇਕ ਉਪਾਅ ਹੈ, ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ ਨੂੰ ਘੱਟ ਕਰਨਾ। ਸਾਡੀ ਸਰਕਾਰ ਵੀ ਸੌਰ ਊਰਜਾ ਦੀ ਵਰਤੋਂ ਨੂੰ ਵਧਾਉਣ ਲਈ ਕਾਫ਼ੀ ਯਤਨਸ਼ੀਲ ਹੈ ਤਾਂ ਕਿ ਬਿਜਲੀ ਅਤੇ ਪਥਰਾਹਟੀ ਈਂਧਨ ਦੀ ਵਰਤੋਂ ਵਿਚ ਵੱਧ ਤੋਂ ਵੱਧ ਕਮੀ ਲਿਆਂਦੀ ਜਾ ਸਕੇ।

**ਦਿਨੇਸ਼** : ਜੀ ਹਾਂ, ਅਸੀਂ ਤਾਂ ਐਲ.ਈ.ਡੀ ਬੱਲਬ ਦੀ ਵਰਤੋਂ ਕਰਨ ਲੱਗ ਗਏ ਹਾਂ ਤਾਂਕਿ ਬਿਜਲੀ ਦੀ ਖਪਤ ਘੱਟ ਹੋਵੇ।

**ਦਵਿੰਦਰ** : ਬਹੁਤ ਵਧੀਆ ਗੱਲ ਹੈ। ਸਾਡੇ ਅਜਿਹੇ ਵੀ ਛੋਟੇ-ਛੋਟੇ ਯਤਨ, ਬਿਜਲੀ ਪਾਣੀ ਦੀ ਘੱਟ ਵਰਤੋਂ , ਘੱਟ ਤੋਂ ਘੱਟ ਫੋਕਟ, ਪਾਣੀ ਜਾਇਆ ਨਾ ਜਾਣ ਦੇਣਾ ਆਦਿ ਗ੍ਰੀਨ ਹਾਊਸ ਪ੍ਰਭਾਵ ਨੂੰ ਘੱਟ ਕਰਨ ਵਿੱਚ ਸਹਾਈ ਹੋਣਗੇ ! ਸਾਨੂੰ ਜਿੱਥੋਂ ਤੱਕ ਸੰਭਵ ਹੋਵੇ ਪਲਾਸਟਿਕ ਦੀ ਵਰਤੋਂ ਵੀ ਘਟਾਉਣੀ ਪਵੇਗੀ !

**ਸੁਰਜੀਤ** : ਪਲਾਸਟਿਕ? ਉਹ ਕਿਉਂ?

**ਦਵਿੰਦਰ** : ਪਲਾਸਟਿਕ ਦਾ ਉਤਪਾਦਨ ਮੁੱਖ ਪਥਰਾਹਟੀ ਈਂਧਨ ਦੁਆਰਾ ਹੁੰਦਾ ਹੈ। ਪਲਾਸਟਿਕ ਦਾ ਕਚਰਾ ਵੱਡੀ ਮਾਤਰਾ ਵਿਚ ਕਾਰਬਨਡਾਈਅਕਸਾਈਡ ਦਾ ਉਤਸਰਜਨ ਕਰਦਾ ਹੈ। ਸੰਨ 2018 ਵਿਚ ਹੋਏ ਇਕ ਖੋਜ ਦੇ ਮੁਤਾਬਿਕ ਆਮ ਤੌਰ ‘ਤੇ ਪ੍ਰਚਿੱਲਤ

ਪਲਾਸਟਿਕ ਪਦਾਰਥ ਸੂਰਜ ਦੀ ਰੌਸ਼ਨੀ ਵਿਚ ਮੀਥੇਨ ਵਗੈਰਾ ਗ੍ਰੀਨ ਹਾਊਸ ਗੈਸ ਦਾ ਵੱਡੀ ਮਾਤਰਾ ਵਿਚ ਉਤਸਰਜਨ ਕਰਦੇ ਹਨ। ਜਿਸ ਨਾਲ ਜਲਵਾਯੂ ਬਹੁਤ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ।

**ਕਰਨੈਲ** : ਹਾਂ ਇਹ ਬਹੁਤ ਹੀ ਮਹੱਤਵਪੂਰਨ ਸਮੱਸਿਆ ਹੈ ਪਰ ਇਸ ਨਾਲ ਨਿਪਟਨ ਦੇ ਲਈ ਅਸੀਂ ਵੀ ਅਸਾਨੀ ਨਾਲ ਆਪਣਾ ਯੋਗਦਾਨ ਦੇ ਸਕਦੇ ਹਾਂ ਜਿਵੇਂ-ਪਲਾਸਟਿਕ ਦੀ ਥੈਲੀ ਦੇ ਮੁਕਾਬਲੇ ਕੱਪੜੇ ਦੇ ਝੋਲੇ ਦੀ ਵਰਤੋਂ ਕਰੀਏ ਤਾਂ ਪਲਾਸਟਿਕ ਦੀ ਵਰਤੋਂ ਵਿਚ ਆਪਣੇ-ਆਪ ਹੀ ਕਮੀ ਹੁੰਦੀ ਜਾਵੇਗੀ।

**ਸੁਰਜੀਤ:** ਲਓ ਸੁਣੋ ! **ਪਲਾਸਟਿਕ ਦੇ ਇਹ ਜੋ ਲਿਫਾਫੇ , ਹੁੰਦੇ ਨੇ ਹਾਨੀਕਾਰਕ ਖਾਸੇ , ਸੂਤੀ ਝੋਲੇ ਦਾ ਪ੍ਰਬੰਧ ਕਰੋ !**

**ਸੂਰਜ:** ਹਾਂ ! ਇਸ ਪ੍ਰਕਾਰ ਦੇ ਮਾਮੂਲੀ ਯਤਨਾਂ ਨਾਲ ਵੀ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ ਵਿਚ ਕਮੀ ਕੀਤੀ ਜਾ ਸਕਦੀ ਹੈ। ਕਿਉਂ ਦਵਿੰਦਰ ?

**ਦਵਿੰਦਰ** : ਤੁਸੀਂ ਠੀਕ ਆਖਿਆ ਸੂਰਜ ਜੀ। ਗਲੋਬਲ ਵਾਰਮਿੰਗ ਅਤੇ ਜਲਵਾਯੂ ਪਰਿਵਰਤਨ ਦੇ ਬਾਰੇ ਸਾਡੇ ਸਾਰਿਆਂ ਦੀ ਜਾਗਰੂਕਤਾ ਅਤੇ ਗੰਭੀਰਤਾ ਬਹੁਤ ਜ਼ਰੂਰੀ ਹੈ। ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਇਸ ਦਿਸ਼ਾ ਵਿਚ ਸਾਨੂੰ ਨਿਰੰਤਰ ਯਤਨ ਕਰਦੇ ਰਹਿਣ ਦੀ ਲੋੜ ਹੈ ।

**ਦਿਨੇਸ਼** : ਨਹੀਂ ਤਾਂ ਸਾਡੀ ਧਰਤੀ ਵੀ ਸੌਰ ਮੰਡਲ ਦਾ ਇਕ ਹੋਰ ਸੁੱਕਰ ਗ੍ਰਹਿ ਬਣ ਜਾਵੇਗੀ।

**ਸੁਰਜੀਤ** : ਅਤੇ ਇੱਥੋਂ ਦੇ ਸਾਰੇ ਜੀਵ ਅਤੇ ਜੈਵਿਕ ਪਦਾਰਥ ਸਾਡੇ ਬਰੂਨੋ ਦੇ ਵਾਂਗ ਭਿਆਨਕ ਤਾਪ ਦੀ ਭੇਂਟ ਚੜ੍ਹ ਜਾਣਗੇ।

**ਸਾਰੇ:** ਇਸ ਲਈ ਕਰੋ ਨਿਯੰਤਰਨ-ਕਾਰਬਨ ਉਤਸਰਜਨ 'ਤੇ! ਬੰਦ ਕਰੋ, ਰੁੱਖਾਂ ਦਾ ਵਿਨਾਸ਼! ਖਰੋ ਧਰਤੀ ਦੀ ਰੱਖਿਆ, ਕੋਈ ਹੱਕ ਨਹੀਂ ਤੁਹਾਨੂੰ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਬਰਬਾਦ ਕਰਨ ਦਾ !

**ਬੰਦ ਕਰੋ ਜੀ ਬੰਦ ਕਰੋ , ਇਹ ਪ੍ਰਦੂਸ਼ਣ ਬੰਦ ਕਰੋ !**

**ਪ੍ਰਸ਼ਨ**

1. **ਸਾਡੀ ਧਰਤੀ ਦੇ ਸ਼ੁੱਕਰ ਗ੍ਰਹਿ ਬਣਨ ਦਾ ਖਤਰਾ ਕਿਉਂ ਹੈ ?**

   ਉੱਤਰ : ਕਿਉਂ ਜੋ ਹਰਿਤ ਘਰ ਗੈਸਾਂ ਦੀ ਵਧਦੀ ਮਾਤਰਾ ਧਰਤੀ ਦੇ ਲੰਬੇ ਵੇਵਲੈਂਗਥ ਵਾਲੇ ਵਿਕੀਰਨ ਸੋਖ ਕੇ ਇਸ ਨੂੰ ਗਰਮ ਕਰਦੀ ਜਾ ਰਹੀ ਹੈ !

2. **ਪਲਾਸਟਿਕ ਕਿਹੜੀ ਗ੍ਰੀਨ ਹਾਊਸ ਗੈਸ ਲਈ ਜਿੰਮੇਵਾਰ ਹੈ ?**

   ਉਤਰ: ਮੀਥੇਨ